੧ੴ ਵਾਹਿਗੁਰੂ ਜੀ ਕੀ ਫ਼ਤਹਿ।।

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/09 ਸਤੰਬਰ 2018 – ਨਾਨਕਸ਼ਾਹੀ ਭਾਦੋਂ-ਅੱਸੂ 550

## ਇਤਿਹਾਸਿਕ ਦਿਹਾੜੇ

### ਸਤੰਬਰ ਅਤੇ ਅਕਤੂਬਰ 2018

| | |
|---|---|
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 10 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 11 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਜੀ | 12 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਰਾਮਦਾਸ ਜੀ | 22 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਜੀ | 25 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | 30 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂਨਾਨਕ ਦੇਵ ਜੀ | 4 ਅਕਤੂਬਰ |
| ਦਰਬਾਰ ਖਾਲਸਾ (ਦੁਸ਼ਹਿਰਾ) | 19 ਅਕਤੂਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਾਮਦਾਸ ਜੀ | 26 ਅਕਤੂਬਰ |
| ਸਾਕਾ ਪੰਜਾ ਸਾਹਿਬ (ਪਾਕਿਸਥਾਨ) | 30 ਅਕਤੂਬਰ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥

ਮਾਝ ਬਾਰਹਮਾਹਾ (ਮ: ੫) - ਅੰਗ ੧੩੫

ਪਦ ਅਰਥ :- ਅਸੁਨਿ-ਅੱਸੂ ਵਿਚ । ਉਮਾਹੜਾ-ਉਛਾਲਾ । ਜਾਇ-ਜਾ ਕੇ । ਕਿਉਂ-ਕਿਵੇਂ ? ਕਿਸੇ ਨ ਕਿਸੇ ਤਰ੍ਹਾਂ । ਮਨਿ -ਮਨ ਵਿਚ । ਤਨਿ-ਸਰੀਰ ਵਿਚ । ਘਣੀ-ਬਹੁਤ । ਆਣਿ-ਲਿਆ ਕੇ । ਮਾਇ-ਹੇ ਮਾਂ ! ਹਉ-ਮੈਂ ! ਤਿਨ ਕੈ ਪਾਇ- ਉਹਨਾਂ ਦੀ ਚਰਨੀਂ । ਜਾਇ-ਥਾਂ । ਰਸੁ-ਸੁਆਦ, ਆਨੰਦ । ਰਹੇ ਆਘਾਇ-ਰੱਜ ਗਏ, ਤ੍ਰਿਸਨਾ ਪੋਹ ਨਹੀਂ ਸਕਦੀ । ਆਪੁ-ਆਪਾ-ਭਾਵ । ਲੜਿ-ਲੜ ਵਿਚ, ਪੱਲੇ । ਕੰਤਿ-ਕੰਤ ਨੇ । ਕਤਹਿ-ਕਿਸੇ ਹੋਰ ਥਾਂ । ਮਇਆ-ਮਿਹਰ ।

ਅਰਥ:- ਹੇ ਮਾਂ ! (ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿਛੋਂ) ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ (ਮੇਰੇ ਅੰਦਰ ਪ੍ਰਭੂ-ਪਤੀ ਦੇ) ਪਿਆਰ ਦਾ ਉਛਾਲਾ ਆ ਰਿਹਾ ਹੈ (ਮਨ ਤੜਫਦਾ ਹੈ ਕਿ) ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ-ਪਤੀ ਨੂੰ ਮਿਲਾਂ । ਮੇਰੇ ਮਨ ਵਿਚ ਮੇਰੇ ਤਨ ਵਿਚ ਪ੍ਰਭੂ ਦੇ ਦਰਸ਼ਨ ਦੀ ਬੜੀ ਪਿਆਸ ਲੱਗੀ ਹੋਈ ਹੈ (ਚਿੱਤ ਲੋਚਦਾ ਹੈ ਕਿ) ਕੋਈ (ਉਸ ਪਤੀ ਨੂੰ) ਲਿਆ ਕੇ ਮੇਲ ਕਰਾ ਦੇਵੇ । (ਇਹ ਸੁਣ ਕੇ ਕਿ) ਸੰਤ ਜਨ ਪ੍ਰੇਮ ਵਧਾਣ ਵਿਚ ਸਹੈਤਾ ਕਰਿਆ ਕਰਦੇ ਹਨ, ਮੈਂ ਉਹਨਾਂ ਦੀ ਚਰਨੀਂ ਲੱਗੀ ਹਾਂ । (ਹੇ ਮਾਂ !) ਪ੍ਰਭੂ ਤੋਂ ਬਿਨਾ ਸੁਖ ਆਨੰਦ ਨਹੀਂ ਮਿਲ ਸਕਦਾ (ਕਿਉਂਕਿ ਸੁਖ-ਆਨੰਦ ਦੀ) ਹੋਰ ਕੋਈ ਥਾਂ ਹੀ ਨਹੀਂ ।

ਜਿੰਨ੍ਹਾਂ (ਵਡ-ਭਾਗੀਆਂ) ਨੇ ਪ੍ਰਭੂ-ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਹਨਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵਲੋਂ) ਉਹ ਰੱਜ ਜਾਂਦੇ ਹਨ, ਆਪਾ-ਭਾਵ ਛੱਡ ਕ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ- ਹੇ ਪ੍ਰਭੂ !

ਸਾਨੂੰ ਆਪਣੇ ਲੜ ਲਾਈ ਰੱਖ ।

ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ (ਉਸ ਮਿਲਾਪ ਵਿਚੋਂ) ਵਿਛੁੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ, (ਕਿਉਂਕਿ) ਹੇ ਨਾਨਕ (ਉਸ ਨੂੰ ਨਿਸ਼ਚਾ ਆ ਜਾਂਦਾ ਹੈ ਕਿ ਸਦੀਵੀ ਸੁਖ ਵਾਸਤੇ) ਪ੍ਰਭੂ ਦੀ ਸਰਨ ਤੋਂ ਬਿਨਾ ਹੋਰ ਕੋਈ ਥਾਂ ਨਹੀਂ ਹੈ । ਉਹ ਸਦਾ ਪ੍ਰਭੂ ਦੀ ਸਰਨ ਪਈ ਰਹਿੰਦੀ ਹੈ ।

ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ ਉਹ ਜੀਵ ਇਸਤ੍ਰੀਆਂ ਸੁਖ ਵਿਚ ਵੱਸਦੀਆਂ ਹਨ, ਜਿੰਨ੍ਹਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ । ੮ ।

## ਬਾਣੀ ਗੁਰੂ ਗੁਰੂ ਹੈ ਬਾਣੀ

ਸ. ਹਰਦਿਆਲ ਸਿੰਘ,
ਆਈ. ਏ. ਐਸ.

1. ਸਿਖਾਂ ਨੂੰ ਹੁਕਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਗਟ ਗੁਰਾਂ ਦੀ ਦੇਹ ਮੰਨਣਾ ਹੈ ਅਤੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ । ਵੈਸੇ ਤਾਂ ਅਸਲੀ ਸਿੱਖ, ਸਾਧਕ ਜਾਂ ਅਭਿਲਾਖੀ ਹੀ ਹੁੰਦਾ ਹੈ ਪਰੰਤੂ ਵਿਚਾਰਣ ਤੋਂ ਬਾਦ ਇਹ ਸਿੱਟਾ ਨਿਕਲੇਗਾ ਕਿ ਕੇਵਲ ਉਹੋ ਹੀ ਸਿੱਖ ਸਾਧਕ ਬਣਦਾ ਹੈ ਜਿਸ ਤੇ ਗੁਰੂ ਕਿਰਪਾ ਹੁੰਦੀ ਹੈ । ਗੁਰਬਾਣੀ ਦੀ ਦੇਣ ਨੂੰ ਸਾਧਕ ਦੇ ਪਖੋਂ ਵਿਚਾਰਨ ਦੀ ਲੋੜ ਹੈ ।

2. ਗੁਰਬਾਣੀ, ਧੁਰ ਕੀ ਬਾਣੀ, ਮਹਾਂਪੁਰਖ ਦੀ ਬਾਣੀ, ਪ੍ਰਭੂ ਦੀ ਬਾਣੀ, ਅਮੁਲੀਕ ਲਾਭ ਰਤਨ, ਅਡੋਲ ਅਤੇ ਅਟਲ ਬਚਨ ਨਿਜ ਘਰ ਵਾਸਾ ਕਰਵਾਉਣ ਵਿੱਚ ਸਰਬ ਸਮਰਥ ਹੈ । ਗੁਰਬਾਣੀ ਸਗਲ ਇੱਛਾ ਪੂਰਕ ਹੈ, ਰੋਗ ਅਤੇ ਦੁੱਖ ਨਾਸ਼ਕ, ਕਲੇਸ਼ ਅਤੇ ਕਸ਼ਟ ਨਿਵਾਰਕ, ਭੈ ਅਤੇ ਭਰਮ ਭੰਜਕ, ਸੁੱਖ ਅਤੇ ਕਿਰਪਾ ਸਾਗਰ, ਹਰ ਥਾਂ ਅਤੇ ਹਰ ਵੇਲੇ ਸਹਾਇਕ, ਹਲਤ ਅਤੇ ਪਲਤ ਦੀ ਰਖਿਅਕ ਹੈ । ਗੁਰਬਾਣੀ ਮਾਤਾ, ਪਿਤਾ, ਭਾਈ ਅਤੇ ਮਿੱਤਰ ਹੈ । ਵਿਅਕਤੀ ਅਤੇ ਸਮਾਜ ਲਈ ਮਾਰਗ ਦਰਸ਼ਕ, ਸਿਆਣਪ ਭਰਪੂਰ ਅਤੇ ਦਾਨੀ ਹੈ । ਗੁਰਬਾਣੀ ਕੁਦਰਤ ਅਤੇ ਹੁਕਮ ਦਰਸਾਉਂਦੀ ਹੈ । ਗੁਰਬਾਣੀ ਸਤਿਗੁਰੂ ਹੈ, ਇਹ ਤਾਂ ਨਿਰੰਕਾਰ ਹੈ । ਇਹ ਅਕਥ, ਅਗਮ ਅਤੇ ਅਗਾਧਿ ਹੈ । ਇਹ ਪਰਤਖ ਵਾਹਿਗੁਰੂ ਹੈ । ਕੇਵਲ ਸਤਿਗੁਰੂ ਦੀ ਬਾਣੀ ਸੱਚੀ ਹੈ ।

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**
**ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥**

**ਰਾਮਕਲੀ ਅਨੰਦ (ਮਃ ੩) – ਅੰਗ ੯੨੦**

**ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥**
**ਗਉੜੀ ਕੀ ਵਾਰ:੧ (ਮਃ ੪) ਗੁਰੂ ਗ੍ਰੰਥ ਸਾਹਿਬ – ਅੰਗ ੩੦੪**

ਸਪਸ਼ਟ ਹੈ ਕਿ ਕੇਵਲ ਸਤਿਗੁਰੂ ਦੀ ਬਾਣੀ ਹੀ ਗੁਣ ਸਾਗਰ ਹੈ ।

3. ਅਗਮ ਅਤੇ ਅਗਾਧਿ ਬਾਣੀ ਦੇ ਗੁਣ ਅਤੇ ਦੇਣ, ਕੌਣ ਬਿਆਨ ਕਰ ਸਕਦਾ ਹੈ, ਕੌਣ ਜਾਣ ਸਕਦਾ ਹੈ । ਕੋਈ ਨਹੀਂ ਕਰ ਸਕਦਾ ਕਿਉਂਕਿ ਇਹ ਸਤਿਗੁਰੂ ਅਤੇ ਵਾਹਿਗੁਰੂ ਵਾਂਗ ਅਕਥ ਹੈ । ਜੋ ਕੋਈ ਗੁਰਬਾਣੀ ਦੀ ਇੱਕ ਸਿਖਿਆ ਸੁਣ ਕੇ ਮੰਨ ਲਵੇ, ਹਿਰਦੇ ਅਤੇ ਚਿਤ ਵਿੱਚ ਧਾਰ ਲਵੇ, ਉਹ ਤਾਂ ਰਾਜਾ ਜਨਕ ਵਾਂਗ ਸਾਰੇ ਨਰਕ ਖਾਲੀ ਕਰਵਾ ਸਕਦਾ ਹੈ । ਉਹਦੇ ਮਨ ਵਿੱਚ ਰਤਨ, ਜਵਾਹਰ ਅਤੇ ਮਾਣਕ ਪਰਗਟ ਹੋ ਜਾਂਦੇ ਹਨ । ਐਸੀ ਬਾਣੀ ਹੈ ਜੋ ਕੋਈ ਮੰਨ ਕੇ ਵੇਖੇ, ਦੁਬਿਧਾ ਅਤੇ ਭਰਮ ਦੂਰ ਕਰਕੇ ਹਿਰਦੇ ਵਿੱਚ ਧਾਰੇ ਤਾਂ ਗੁਰਬਾਣੀ ਦੀ ਦੇਣ ਦੀ ਕੁਝ ਸਮਝ ਲੱਗ ਸਕਦੀ ਹੈ । ਇਹ ਕੋਈ ਸਾਹਿਤ ਨਹੀਂ ਹੈ । ਇਹ ਕੋਈ ਕਿਤਾਬੀ ਗਿਆਨ ਨਹੀਂ ਹੈ, ਇਹ ਤਾਂ ਬ੍ਰਹਮ ਵਿਚਾਰ ਹੈ । ਇਸ ਦੀ ਸਾਹਿਤਕ ਕਦਰਾਂ ਕੀਮਤਾਂ ਤੇ ਪਰਖ ਕਰਨਾ ਕੋਈ ਸਿਆਣਪ ਨਹੀਂ ਹੈ । ਇਹ ਅਮੁਲ ਹੈ, ਕਲਜੁਗ ਦਾ ਜਹਾਜ਼ ਹੈ, ਸਾਧ ਦੀ ਸੰਗਤ ਹੈ । ਇਹ ਲਿਖਤ ਇੱਕ ਸਿੱਖ ਦਾ ਅੰਧ ਵਿਸ਼ਵਾਸ ਨਹੀਂ ਹੈ, ਨਿਰੀ ਸ਼ਰਧਾ ਨਹੀਂ ਹੈ । ਇਹ ਸੱਚ ਹੈ, ਨਿਰੋਲ ਸੱਚ ਹੈ, ਅਸਲੀਅਤ ਹੈ । ਹਾਂ ਅਸਲੀਅਤ ਦਸੱਣ ਵਿੱਚ ਸਿੱਖ ਗਲਤੀ ਕਰ ਸਕਦਾ ਹੈ ।

4. ਗੁਰਬਾਣੀ ਦੀ ਵਡਿਆਈ, ਕੀਮਤ ਜਾਂ ਦੇਣ, ਗੁਰਬਾਣੀ ਦੀ ਕਮਾਈ ਤੋਂ ਬਾਦ ਹੀ ਉਘੜਦੀ ਹੈ ਪਰੰਤੂ ਹਰ ਇੱਕ ਵਿਅਕਤੀ, ਸਾਧਕ ਜਾਂ ਅਸਾਧਕ ਸ਼ੁਰੂ ਤੋਂ ਅੰਤ ਜਾਂ ਤੋੜ ਤੱਕ, ਬਾਣੀ ਤੋਂ ਗੁਰੂ ਨਾਲ ਪੜ੍ਹਣ ਅਤੇ ਵਿਚਾਰਨ ਨਾਲ ਲੋੜੀਂਦੀ ਅਗਵਾਈ ਪ੍ਰਾਪਤ ਕਰ ਸਕਦਾ ਹੈ । ਸਾਧਕ ਜਿਵੇਂ ਜਿਵੇਂ ਉਨਤੀ ਕਰਦਾ ਹੈ ਤਿਵੇਂ ਤਿਵੇਂ ਬਾਣੀ ਦੇ ਛੁਪੇ ਹੋਏ ਭਾਵ ਅਤੇ ਪੱਖ ਸਾਹਮਣੇ ਆਉਂਦੇ ਰਹਿੰਦੇ ਹਨ । ਸੁਆਮੀ ਜਾਂ ਸਾਹਿਬ ਵਾਂਗ ਗੁਰਬਾਣੀ ਨਿੱਤ ਨਵੀਂ ਹੈ । ਦਿਬ ਦ੍ਰਿਸ਼ਟੀ ਪ੍ਰਾਪਤ ਹੋਣ ਤੇ ਸਾਧਕ ਅਸਲੀ ਸਾਧਕ ਬਣਦਾ ਹੈ । ਇਡੇ ਵੱਡੇ ਭਾਗ ਕਿਸੇ ਵਿਰਲੇ ਦੇ ਹੁੰਦੇ ਹਨ ਅਤੇ ਵਿਰਲਾ ਹੀ ਗੁਰਬਾਣੀ ਦੀ ਵਡਿਆਈ ਤੇ ਸਤਿਗੁਰੂ ਦੀ ਮਹਿਮਾ ਆਪਣੀ ਬੁਧੀ ਅਤੇ ਅਵਸਥਾ ਮੁਤਾਬਿਕ ਪਛਾਣ ਅਤੇ ਕੁਝ ਹੱਦ ਤੱਕ ਵਰਨਣ ਕਰ ਸਕਦਾ ਹੈ । ਕੁਝ ਹੱਦ ਤੱਕ ਕਿਉਂਕਿ ਨਿਰਾਲੀ ਖੇਡ ਗੁੰਗੇ ਦੇ ਮਿਠਿਆਈ ਖਾਣ ਵਾਂਗ ਹੈ । ਨਿਰੰਕਾਰ ਵਾਂਗ ਹੀ ਗੁਰਬਾਣੀ ਦੀ ਮਹਿਮਾਂ ਕਹੀ ਨਹੀਂ ਜਾ ਸਕਦੀ ।

5. ਸਾਧਕ ਦੇ ਪੱਖੋਂ ਗੁਰਬਾਣੀ ਦੀ ਦੇਣ ਬਾਰੇ ਕੁਝ ਨੁਕਤੇ ਹੇਠ ਦਿੱਤੇ ਜਾਂਦੇ ਹਨ :-

(ੳ) ਗੁਰਬਾਣੀ ਵਾਹਿਗੁਰੂ ਦੇ ਸਰੂਪ, ਲਛਣ ਅਤੇ ਸੁਭਾ ਬਾਰੇ ਦੱਸਦੀ ਹੈ । ਰਚਨਾ ਅਤੇ ਕੁਦਰਤ ਤੇ ਚਾਨਣਾ ਪਾਉਂਦੀ ਹੈ । ਵਾਹਿਗੁਰੂ ਨੂੰ ਜਾਨਣ ਦੀ ਇੱਛਾ ਪੈਦਾ ਕਰਕੇ ਅਭਿਲਾਖੀ ਜਾਂ ਸਾਧਕ ਬਣਾਉਂਦੀ ਹੈ ।

(ਅ) ਸਾਧਕ ਵਾਸਤੇ ਸਤਿਗੁਰੂ ਦੀ ਲੋੜ ਪ੍ਰਗਟਾਉਂਦੀ ਹੈ, ਸੰਬੰਧ ਜੋੜਦੀ ਅਤੇ ਗੂੜ੍ਹਾ ਕਰਦੀ ਹੈ । ਪੂਰਬਲੇ ਕਰਮਾਂ ਅਨੁਸਾਰ ਕਿਰਪਾ ਪਾਤਰ ਬਣਾ ਕੇ, ਕਿਰਪਾ ਦਿਵਾਉਂਦੀ ਹੈ ।

(ੲ) ਗੁਰਬਾਣੀ ਭਗਤੀ ਬਾਰੇ ਵਿਚਾਰ, ਢੰਗ ਤੇ ਵਿਧੀ ਦੱਸਦੀ ਹੈ । ਸੰਜਮ ਦਸੱਦੀ ਹੈ ।

(ਸ) ਭਗਤੀ ਦਾ ਮਾਰਗ ਬਿਖੜਾ ਹੈ, ਔਖਾ ਹੈ, ਖ਼ਨਿਉ ਤਿਖਾ ਅਤੇ ਵਾਲ ਨਿਕਾ ਹੈ । ਬਹੁਤ ਲੰਮਾ ਹੈ, ਬਹੁਤ ਬਹੁਤ ਲੰਮਾ ਹੈ । ਕਠਨ ਤਪਸਿਆ ਅਤੇ ਕਠਨ ਸੰਜਮ ਮੰਗਦਾ ਹੈ । ਸਾਧਕ ਡੋਲਦਾ ਹੈ, ਖਿਣ-ਖਿਣ ਭੁਲਦਾ ਹੈ ਪਰੰਤੂ ਗੁਰਬਾਣੀ ਹੋਂਸਲਾ ਦਿੰਦੀ ਹੈ, ਮੁੜ ਰਸਤੇ ਤੇ ਪਾਉਂਦੀ ਹੈ ਅਤੇ ਬਾਂਹ ਫੜਦੀ ਹੈ ।

(ਹ) ਗੁਰਬਾਣੀ ਪਰਮੇਸ਼ਰ ਦੀ ਸਿਫਤ ਸਲਾਹ ਹੈ, ਸਤ ਅਤੇ ਸੰਤੋਖ ਦਾ ਵਿਚਾਰ ਹੈ । ਵਡਿਆਈ ਜਾਂ ਸਿਫਤ ਸਲਾਹ ਨਾਲ ਵੱਡਾ ਪਾਇਆ ਜਾ ਸਕਦਾ ਹੈ ।

"ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ ।"

(ਅਨੰਦ ਸਾਹਿਬ, ਪਉੜੀ ੩)

ਅਸੀਂ ਅੰਨ੍ਹੇ ਹਾਂ ਅਤੇ ਆਪਣੇ ਆਪ ਕੋਈ ਸਿਫਤ ਨਹੀਂ ਕਰ ਸਕਦੇ ਕਿਉਂਕਿ ਵੇਖਣ ਅਤੇ ਜਾਨਣ ਤੋਂ ਬਿਨਾ ਸਿਫਤ ਨਹੀਂ ਕੀਤੀ ਜਾ ਸਕਦੀ ।

(ਕ) ਗੁਰਬਾਣੀ ਨਾਮ ਰਸ ਦਾ ਸਮਾਂ ਹੈ, ਅੰਮ੍ਰਿਤਸਰ ਹੈ । ਇਸੇ ਅੰਮ੍ਰਿਤ ਨੇ ਇੱਛਾ ਪੂਰੀਆਂ ਕਰਨੀਆਂ ਹਨ ਅਤੇ ਅੰਤ ਵਿੱਚ ਮਹਾਂ ਸੰਤੋਖ ਪ੍ਰਦਾਨ ਕਰਨਾ ਹੈ । ਦੁੱਖ ਅਤੇ ਪਾਪ ਕਟਣੇ ਹਨ । ਬਾਕੀ ਰਸ ਖਤਮ ਕਰਨੇ ਹਨ ।

(ਖ) ਗੁਰਬਾਣੀ ਤੋਂ ਸਭ ਫ਼ਲ ਮਿਲਦੇ ਹਨ । ਇੱਛਾ ਪੂਰੀਆਂ ਹੁੰਦੀਆਂ ਹਨ । ਦੁੱਖ, ਦਲਿਦਰ, ਕਸ਼ਟ, ਰੋਗ ਕੱਟੇ ਜਾਂਦੇ ਹਨ । ਤਾਣ, ਮਾਨ, ਲਛਮੀ ਅਤੇ ਪੁੱਤਰ ਮਿਲਦੇ ਹਨ । ਲਾਜ ਅਤੇ ਪੱਤ ਰਖੀ ਜਾਂਦੀ ਹੈ । ਹਰ ਥਾਂ ਅਤੇ ਹਰ ਵੇਲੇ ਸਹਾਈ ਹੁੰਦੀ ਹੈ ।

(ਗ) ਅਧਿਆਤਮਿਕ ਤਰੱਕੀ ਤਾਂ ਅਡੋਲਤਾ ਅਤੇ ਵਿਸ਼ਵਾਸ ਦੀ ਖੇਡ ਹੈ । ਵਾਹਿਗੁਰੂ ਨਾ ਗੁਰਦਵਾਰੇ ਵਿੱਚ, ਨਾ ਮੰਦਰ ਵਿੱਚ, ਨਾ ਗਿਰਜੇ ਵਿੱਚ ਅਤੇ ਨਾ ਹੀ ਮਸਜਿਦ ਵਿੱਚ ਹੈ । ਇਹ ਤਾਂ ਵਿਸ਼ਵਾਸ ਵਿੱਚ ਹੈ ।

**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥**

**– ਗਉੜੀ ਸੁਖਮਨੀ (ਮਃ ੫) – ਅੰਗ ੨੮੫**

ਸਤਿਸੰਗਤ ਵਿੱਚ ਵਿਸ਼ਵਾਸ ਜਲਦੀ ਮਿਲਦਾ ਹੈ ਤੇ ਜਿਹੜੀ ਜਗਾ ਤੇ ਸਤਿਸੰਗਤ ਪ੍ਰਾਪਤ ਹੋਵੇ, ਪਵਿੱਤਰ ਹੈ । ਗੁਰਦਵਾਰਾ, ਮੰਦਰ, ਮਸਜਿਦ, ਗਿਰਜਾ– ਸਭ ਪਵਿੱਤਰ ਹਨ ਪਰੰਤੂ ਵਿਸ਼ਵਾਸ ਤੱਤ ਹੈ, ਅਸਲ ਹੈ । ਗੁਰਬਾਣੀ ਅਡੋਲਤਾ ਅਤੇ ਵਿਸ਼ਵਾਸ ਦਾਤੀ ਹੈ । ਇਹ ਅਮੁਲ ਗੁਣਾਂ ਦਾ ਭੰਡਾਰ ਹੈ ।

(ਘ) ਗੁਰਬਾਣੀ ਗਿਆਨ ਦਾ ਭੰਡਾਰ ਹੈ । ਮਨ ਗਿਆਨ ਨਾਲ ਹੀ ਥੁੰਮਿਆ ਜਾਂਦਾ ਹੈ । ਮਨ ਥੁੰਮਿਆ ਗਿਆ ਤਾਂ ਕੰਮ ਬਣ ਗਿਆ, ਸਭ ਕੁਝ ਮਿਲ ਗਿਆ । ਗਿਆਨ ਸਮੁੰਦਰ ਬਾਣੀ ਮਨ ਨੂੰ ਥੁੰਮਦੀ ਹੈ ।

(ਚ) ਗੁਰਬਾਣੀ ਸੁਰਤ ਸ਼ਬਦਾਂ ਦਾ ਮੰਤ ਹੈ । ਗੁਰਬਾਣੀ ਨਾਲ ਮਨ, ਬੁਧ ਅਤੇ ਸੁਰਤ ਦੀ ਘਾੜਤ ਘੜੀ ਜਾਂਦੀ ਹੈ ਅਤੇ ਪੂਰੀ ਸਿੱਧੀ ਦੀ ਪ੍ਰਾਪਤੀ ਹੁੰਦੀ ਹੈ । ਆਖਰ ਵਿੱਚ ਯੋਧ ਮਹਾਬਲੀ ਸੂਰ ਬਣਾ ਕੇ ਕਰਮ ਖੰਡ ਦੇ ਵਾਸੀ ਦੀ ਬਖਸ਼ਸ਼ ਦਿਵਾਉਂਦੀ ਹੈ ।

(ਚ) ਗੁਰਬਾਣੀ ਦਾ ਬੋਲਣਾ, ਉਚਾਰਨਾ, ਲਿਖਣਾ, ਸੁਨਣਾ, ਗਾਉਣਾ, ਵਿਚਾਰਨਾ ਅਤੇ ਕਮਾਉਣਾ ਸਭ ਫਲ ਪ੍ਰਦਾਨ ਕਰਦਾ ਹੈ ।

**ਸੁਨਣਾ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

**ਰਾਮਕਲੀ ਅਨੰਦ (ਮਃ ੩) – ਅੰਗ ੯੨੨**

**ਜਪਣਾ**

**ਅੰਮ੍ਰਿਤ ਬਚਨ ਸਾਧ ਕੀ ਬਾਣੀ ॥ ਜੋ ਜੋ ਜਪੈ ਤਿਸ ਕੀ ਗਤਿ ਹੋਵੈ**
**ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥**

**ਰਹਾਉ ॥ – ਸੂਹੀ (ਮਃ ੫) – ਅੰਗ ੭੪੪**

**ਗਾਉਣਾ ਅਤੇ ਕਮਾਉਣਾ**

**ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ ॥੨॥**

**– ਆਸਾ (ਮਃ ੫) ਗੁਰੂ ਗ੍ਰੰਥ ਸਾਹਿਬ – ਅੰਗ ੩੭੬**

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥**
**– ਰਾਮਕਲੀ ਓਅੰਕਾਰ (ਮਃ ੧) – ਅੰਗ ੯੩੫**

(ਛ) ਸਾਧਕ ਵਾਸਤੇ ਗੁਰਬਾਣੀ ਸੰਤ ਹੈ, ਸਾਧ ਹੈ, ਸਤਿ ਸੰਗਤਿ ਹੈ । ਇਹ ਸਤਿਗੁਰੂ ਹੈ ।

(ਜ) ਸਾਧਕ ਵਾਸਤੇ ਗੁਰਬਾਣੀ ਸਦਾਚਾਰ ਸ਼ਾਸਤਰ ਹੈ, ਨੀਤੀ ਸ਼ਾਸਤਰ ਹੈ । ਵਿਅਕਤੀਗਤ ਅਤੇ ਸਮਾਜਿਕ ਵਿਵਹਾਰ ਵਾਸਤੇ ਪੂਰਨ ਉਪਦੇਸ਼ ਹੈ ।

(ਝ) ਗੁਰਬਾਣੀ ਜ਼ਿੰਦਗੀ ਦੇ ਮੁਢਲੇ ਸਵਾਲਾਂ ਦਾ ਉੱਤਰ ਹੈ । ਸਾਧਕ ਦੀ ਜਿਗਿਆਸਾ ਜਾਂ ਉਤਸੁਕਤਾ ਨੂੰ ਤਸੱਲੀ ਦਿੰਦੀ ਹੈ । ਮੈਂ ਕਿਉਂ ਆਇਆ ਹਾਂ ? ਕਿਥੇ ਜਾਣਾ ਹੈ ? ਰਚਨਾ ਕਿਉਂ ਹੋਈ ਤੇ ਕਿੱਦਾਂ ਹੋਈ ? ਇਤਿਆਦਿ– ਇਹ ਜ਼ਿੰਦਗੀ ਦੇ ਮੁਢਲੇ ਸਵਾਲ ਹਨ ।

(ਵ) ਗੁਰਬਾਣੀ ਸਾਧਕ ਨੂੰ ਉਚਿਤ ਮੰਗਾਂ ਦਾ ਉਪਦੇਸ਼ ਦਿੰਦੀ ਹੈ । ਨਹੀਂ ਤਾਂ, ਸਾਧਕ, ਦਨਿਆਵੀ ਝੰਬੇਲਿਆ, ਝਗੜਿਆਂ ਅਤੇ ਮੰਗਾਂ ਵਿੱਚ ਗ਼ਲਤਾਨ ਰਹੇਗਾ ਅਤੇ ਅਪਣੀ ਭਗਤੀ ਜ਼ਾਇਆ ਕਰੇਗਾ ਜਾਂ ਭਗਤੀ ਕਰੇਗਾ ਨਹੀਂ ।

(ਟ) ਗੁਰਬਾਣੀ ਸ਼ਰਨ ਵਿੱਚ ਆਉਣ ਦਾ ਢੰਗ ਦੱਸਦੀ ਹੈ ਅਤੇ ਸ਼ਰਨ ਦੀ ਅਵਸਥਾ ਵਿੱਚ ਲਿਆਉਂਦੀ ਹੈ ।

(ਠ) ਸਾਧਕ ਦੇ ਮਨੋਭਾਵਾਂ, ਤਰੰਗਾਂ, ਤਕਲੀਫ਼ਾਂ ਅਤੇ ਨਜ਼ਰਿਆਂ ਨੂੰ ਪ੍ਰਗਟਾਉਂਦੀ ਹੈ ਅਤੇ ਮਾਰਗ ਤੇ ਰਖਦੀ ਹੈ ।

(ਡ) ਗੁਰਬਾਣੀ ਅਧਿਆਤਮਿਕ ਅਵਸਥਾਵਾਂ ਅਤੇ ਨਜ਼ਾਰਿਆਂ ਦਾ ਗਿਆਨ ਦਿੰਦੀ ਹੈ । ਉਦਾਹਰਣ ਦੇ ਤੌਰ ਤੇ, ਚਾਰ ਲਾਵਾਂ ਚਾਰ ਪੜਾ ਹਨ । ਜਪੁਜੀ ਸਾਹਿਬ ਵਿੱਚ ਖੰਡਾਂ ਦਾ ਜ਼ਿਕਰ ਉਚੀਆਂ ਸਟੇਜਾਂ ਤੇ ਮਾਰਗ ਦਰਸਾਉਂਦਾ ਹੈ ।

(ਢ) ਸਾਧਕ ਵਾਸਤੇ ਗੁਰਬਾਣੀ ਇੱਕ ਮਾਪ ਤੋਲ ਹੈ ਜਿਸ ਨਾਲ ਉਹ ਆਪਣੀ ਉਨਤੀ ਪਰਖ ਸਕਦਾ ਹੈ, ਤੌਲ ਸਕਦਾ ਹੈ, ਆਪਣੀਆਂ ਕਮੀਆਂ ਦੀ ਪਛਾਣ ਕਰ ਸਕਦਾ ਹੈ । ਕਮੀਆਂ ਦਾ ਜਾਨਣਾ ਹੋਰ ਹਿੰਮਤ ਅਤੇ ਮਿਹਨਤ ਲਈ ਤਿਆਰ ਕਰਦਾ ਹੈ ।

(ਣ) ਸਾਧਕ ਵਾਸਤੇ ਗੁਰਬਾਣੀ ਸਰਬ ਪੱਖੀ, ਸਰਬਮੁੱਖੀ ਰਹਿਬਰ ਹੈ, ਗੂੜ੍ਹ

ਅਤੇ ਅਤੀ ਸਿਆਣਾ ਮਿੱਤਰ ਹੈ, ਗੰਭੀਰ ਅਤੇ ਦਾਨਾ ਦਰਸ਼ਨ ਵੇਤ ਹੈ।

6. ਉਪਰੋਕਤ ਲਿਖਤ ਵਿੱਚ ਗੁਣਾਂ ਨੂੰ ਦੱਸਣ ਦੇ ਯਤਨ ਵਿੱਚ ਸਿਰ ਤੇ ਭਾਰ ਹੀ ਹੋਇਆ ਹੈ ਕਿਉਂਕਿ ਤੁਛ ਬੁਧੀ ਦੀ ਕੈਦੀ ਇੱਕ ਕਲਮ ਕੀ ਗੁਣ ਲਿਖ ਸਕਦੀ ਹੈ ? ਮੁਕਦੀ ਗੱਤ ਹੈ :

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ ਅੰਗ ੫੧੫**

**ਧੰਨਵਾਦਿ ਸਾਹਿਤ ਵਿਚੋਂ:-**

**ਪੰਜਾਬੀ ਦੁਨੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ**

# ਗੁਰਬਾਣੀ ਵਿੱਚ ਧਰਮ ਦੀ ਲੋੜ ਦਾ ਸੰਕਲਪ

**ਡਾ. ਸਰੂਪ ਸਿੰਘ ਅਲੱਗ**

**ਪੀ. ਐਚ. ਡੀ., ਡੀ. ਲਿਟ. ਯੂ. ਐਸ. ਏ.**

**ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮ ॥**

ਅੰਗ-266

ਆਮ ਅਰਥਾਂ ਵਿੱਚ ਧਰਮ ਉਹ ਹੈ ਜੋ ਸੰਸਾਰ ਨੂੰ ਧਾਰਨ ਕਰਦਾ ਹੈ ਤੇ ਧੀਰਜ, ਖਿਮਾਂ, ਸੱਚ, ਪਵਿੱਤਰਤਾ,ਨਿਰਮਲ ਬੁੱਧੀ, ਮਨ ਦਾ ਵਸ ਕਰਨਾ, ਚੋਰੀ ਦਾ ਤਿਆਗ ਕਰਨਾ, ਇੰਦਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਵਿਦਿਆ ਦਾ ਅਭਿਆਸ ਕਰਨਾ, ਕਰੋਧ ਦਾ ਤਜਣਾ, ਇਸ ਦੇ ਪ੍ਰਮੁੱਖ ਅੰਗ ਹਨ। ਮਹਾਨ ਵਿਦਵਾਨ ਕਾਮਟੇ ਦੇ ਧਰਮ ਪ੍ਰਤੀ ਨਿਮਨ ਸ਼ਬਦ ਵੀ ਧਰਮ ਦੀ ਰੂਪ ਰੇਖਾ ਦੱਸਣ ਲਈ ਬਹੁਤ ਮਹੱਤਤਾ ਰੱਖਦੇ ਹਨ। ਉਸ ਅਨੁਸਾਰ ਧਰਮ ਪੂਰਨ ਹੋਂਦ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ ਅਤੇ ਧਰਮ ਦਾ ਇਤਿਹਾਸ ਸਰਬ ਮਾਨਵਤਾ ਦੇ ਵਿਕਾਸ ਦਾ ਇਤਿਹਾਸ ਹੈ ਜਾਂ ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਮਨੁੱਖ ਦਾ ਇਤਿਹਾਸ ਧਰਮ ਦਾ ਇਤਿਹਾਸ ਹੈ। ਇਸ ਉੱਕਤ ਵਿਆਖਿਆ ਤੋਂ ਸੰਖੇਪ ਅਰਥ ਇਹ ਵੀ ਕੱਢਿਆ ਜਾ ਸਕਦਾ ਹੈ ਕਿ ਮਨੁੱਖ ਦਾ ਧਰਮ ਨਾਲ ਹਮੇਸ਼ਾ ਭਰਵਾਂ ਵਾਸਤਾ ਰਿਹਾ ਹੈ ਤੇ ਹੁਣ ਵੀ ਹੈ। ਧਾਰਮਿਕ ਮਨੁੱਖ ਇੱਕ ਨਿਸ਼ਚਿਤ ਜ਼ਾਬਤੇ ਵਿੱਚ ਜੀਵਨ ਬਤੀਤ ਕਰਦਾ ਹੋਇਆ ਆਪਣੀ ਬੁੱਧੀ ਤੇ ਵਿਵੇਕ ਦੀ ਮਦਦ ਨਾਲ ਪ੍ਰਮਾਤਮਾ ਨੂੰ ਭਾਲਦਾ ਹੈ। ਸਿੱਖ ਧਰਮ ਜੋ ਦੁਨੀਆਂ ਦੇ ਨਵੀਨ ਧਰਮਾਂ ਵਿਚੋਂ ਇੱਕ ਹੈ, ਵਿਸ਼ੇਸ਼ ਤੌਰ ਤੇ ਮਨੁੱਖ ਨੂੰ ਦੂਜੇ ਮਨੁੱਖ ਦੇ ਨੇੜੇ ਕਰਕੇ ਉਸ ਵਿੱਚ ਭਰਾਤਰੀ ਭਾਵ ਜਗਾਉਂਦਾ ਹੈ ਅਤੇ ਨਾਲ ਹੀ ਉਸ ਦਾ ਮੂੰਹ ਭਰਮਾਂ ਵਹਿਮਾਂ ਤੇ ਫੋਕਟ ਕਰਮਾਂ ਤੋਂ ਭੰਵਾ ਕੇ ਸਿੱਧਾ ਅਕਾਲਪੁਰਖ ਵੱਲ ਕਰ ਦੇਣ ਦੀ ਜੁਗਤ ਦਰਸਾਉਂਦਾ ਹੈ। ਸਿੱਖ ਲਈ ਜ਼ਰੂਰੀ ਹੈ ਕਿ ਉਸ ਨੇ ਦੁਨੀਆਂ ਵਿੱਚ

ਰਹਿੰਦੇ ਹੋਏ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣਾ ਹੈ ਅਤੇ ਨੇਕ ਕਿਰਤ ਕਮਾਈ ਕਰਕੇ ਵੰਡ ਛਕਣਾ, ਨਾਮ ਜਪਣਾ ਤੇ ਸਰਬੱਤ ਦਾ ਭਲਾ ਮੰਗਣਾ ਹੈ। ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਪ੍ਰਮਾਤਮਾ ਦੀ ਪ੍ਰਾਪਤੀ ਲਈ ਘਰ ਬਾਹਰ ਤਿਆਗਣ ਦੀ ਲੋੜ ਨਹੀਂ, ਜੰਗਲਾਂ ਵਿੱਚ ਭਟਕਣਾ ਫਜ਼ੂਲ ਹੈ ਕਿਉਂਕਿ ਪ੍ਰਮਾਤਮਾ ਸਰੀਰ ਦੇ ਅੰਦਰ ਹੀ ਹੈ ਤੇ ਉਥੋਂ ਹੀ ਉਸ ਨੂੰ ਪਾਉਣਾ ਹੈ।

**ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥**

**ਗਉੜੀ ਕੀ ਵਾਰ:੧ (ਮਃ ੪) – ਅੰਗ ੩੦੯**

ਉਧਰ ਅਮਰੀਕਾ ਦੇ ਪ੍ਰਸਿੱਧ ਫਿਲਾਸਫਰ ਅਤੇ ਮਨੋਵਿਗਿਆਨੀ ਸਵਰਗੀ ਵਿਲੀਅਮ ਜੇਮਜ਼ ਨੇ ਬੜੀ ਇਤਿਹਾਸਕ ਛਾਣਬੀਣ ਤੇ ਘੋਖ ਮਗਰੋਂ ਇਹ ਗੱਲ ਦੋ ਟੂਕ ਰੂਪ ਵਿੱਚ ਲਿਖੀ ਹੈ ਕਿ ਇਤਿਹਾਸ ਵਿੱਚ ਯਾਦਗਾਰੀ ਕਾਰਨਾਮੇ ਉਹੀ ਸਮਝੇ ਗਏ ਹਨ ਜਿਨ੍ਹਾਂ ਦਾ ਸੰਬੰਧ ਧਰਮ ਚੇਤਨਾ ਜਾਂ ਧਰਮ ਕਰਮ ਨਾਲ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਹਜ਼ਰਤ ਮੁਹੰਮਦ ਸਾਹਿਬ, ਯਸੂ ਮਸੀਹ ਜੀ, ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ ਤੇ ਮਹਾਤਮਾ ਬੁੱਧ ਸਾਹਿਬ ਆਦਿ ਵਰਗੇ ਮਹਾਂਪੁਰਸ਼ਾਂ ਬਾਰੇ ਹਰ ਕਿਸੇ ਦੇ ਦਿਲ ਵਿੱਚ ਅੱਜ ਵੀ ਸਤਿਕਾਰੀ ਭਾਵਨਾ ਹੈ ਤੇ ਉਨ੍ਹਾਂ ਦੇ ਉਪਦੇਸ਼ਾਂ ਤੇ ਚੱਲਣ ਲਈ ਮਨੁੱਖਤਾ ਵਿੱਚ ਚੇਸ਼ਟਤਾ, ਲੋਚਾ ਤੇ ਉਤਸੁਕਤਾ ਬਣੀ ਹੋਈ ਹੈ ਪਰ ਦੂਜੇ ਪਾਸੇ ਸਿਕੰਦਰ ਤੇ ਸੀਜ਼ਰ ਦੇ ਵਿਸ਼ਵ ਨੂੰ ਜਿੱਤ ਲੈਣ ਦੇ ਕਰਮ ਨੂੰ ਇੱਕ ਮਾਮੂਲੀ ਘਟਨਾ ਤੋਂ ਵੱਧ ਕੁਝ ਨਹੀਂ ਸਮਝਿਆ ਜਾਂਦਾ। ਚੰਗੇਜ਼, ਅਹਿਮਦਸ਼ਾਹ ਅਬਦਾਲੀ, ਨਾਦਰਸ਼ਾਹ, ਔਰੰਗਜ਼ੇਬ ਵਰਗੇ ਵਕਤ ਦੇ ਹਾਕਮਾਂ, ਮਹਾਰਾਜਿਆਂ, ਧਾੜਵੀਆਂ ਤੇ ਲੁਟੇਰਿਆਂ ਨੂੰ ਅੱਜ ਵੀ ਨਿੰਦਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਆਪਣੀ ਤਾਕਤ ਦੇ ਬਲ ਬੂਤੇ ਤੇ ਬੇਕਸੂਰੇ ਲੋਕਾਂ ਉੱਤੇ ਜ਼ੁਲਮ, ਅਤਿਆਚਾਰ ਤੇ ਅਨਿਆਂ ਕੀਤੇ ਹਨ। ਇਸ ਤਰ੍ਹਾਂ ਉਹ ਧਰਮ ਦੀ ਉਕਤ ਦੱਸੀ ਭਾਵਨਾ ਨੂੰ ਗ੍ਰਹਿਣ ਨਹੀਂ ਕਰ ਸਕੇ।

ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਧਰਮਾਂ ਦਾ ਆਧਾਰ ਸਦਭਾਵਨਾ ਹੈ, ਆਪਸੀ ਪ੍ਰੇਮ ਹੈ, ਪਰਸਪਰ ਹਮਦਰਦੀ ਹੈ, ਨਫਰਤ ਨਹੀਂ। ਧਰਮ ਦੇ ਮਾਨਵੀ ਤੇ ਅਧਿਆਤਮਿਕ ਗੁਣਾਂ ਦੀ ਰੌਸ਼ਨੀ ਵਿੱਚ ਉਸ ਬਾਰੇ ਤਾਂ ਇਹ ਵੀ ਕਿਹਾ ਜਾਂਦਾ ਹੈ ਧਰਮ ਦਾ ਮਨੋਰਥ ਇਨਸਾਨ ਨੂੰ ਅੰਦਰੋਂ ਜਗਾਉਣਾ ਅਤੇ ਉਸ ਨੂੰ ਅਹਿਸਾਸ ਕਰਵਾਉਣਾ ਹੈ ਕਿ ਇਸ ਸੰਸਾਰ ਨੂੰ ਖੁੱਲ੍ਹੀ ਅੱਖ ਦਾ ਸੁਪਨਾ ਸਮਝ ਕੇ ਇਸ ਵਿੱਚ ਵਿਚਰਿਆ ਜਾਵੇ ਨਾ ਕਿ ਇਸ ਵਿੱਚ ਇਤਨਾ ਗ੍ਰਸਿਆ ਜਾਵੇ ਕਿ ਮੂਲ ਸਰੋਤ ਦੀ ਹੀ ਸੋਝੀ ਵਿਸਰ ਜਾਵੇ। ਇਹ

ਗੱਲ ਕਹਿਣ ਵਿੱਚ ਤਾਂ ਕਾਫੀ ਸੋਖੀ ਲੱਗਦੀ ਹੈ ਪਰ ਅਜਿਹਾ ਕਰਨਾ ਹੈ ਬੜਾ ਔਖਾ ਕਿਉਂਕਿ ਜ਼ਿੰਦਗੀ ਦੀ ਅਸਲੀਅਤ ਵਿੱਚ ਆਮ ਕਰਕੇ ਇਸ ਦੇ ਉਲਟ ਹੀ ਹੁੰਦਾ ਵੇਖਿਆ ਜਾਂਦਾ ਹੈ। ਜਿਵੇਂ ਬੱਚਾ ਨਵੇਂ ਨਵੇਂ ਖਿਡਾਉਣੇ ਵੇਖ ਕੇ ਭਰਮ ਜਾਂਦਾ ਹੈ ਤੇ ਕੁਝ ਦੇਰ ਲਈ ਆਪਣੇ ਮਾਂ ਬਾਪ ਨੂੰ ਵੀ ਭੁਲ ਜਾਂਦਾ ਹੈ ਇਸੇ ਤਰ੍ਹਾਂ ਮਨੁੱਖ ਵੀ ਇਸ ਸੰਸਾਰ ਦੀ ਚਮਕ ਦਮਕ ਤੇ ਸੁੱਖਾਂ ਅਰਾਮਾਂ ਵਿੱਚ ਮੋਹਿਤ ਹੋ ਕੇ ਪ੍ਰਭੂ ਰੂਪੀ ਪਿਤਾ ਨੂੰ ਵਿਸਾਰ ਦਿੰਦਾ ਹੈ ਤੇ ਫਿਰ ਭਟਕਣ ਦੇ ਸਾਗਰ ਵਿੱਚ ਗੋਤੇ ਖਾਣ ਲੱਗ ਜਾਂਦਾ ਹੈ। ਮਨੁੱਖ ਦੀ ਅਜਿਹੀ ਭੰਬਲ ਭੂਸਿਆਂ ਵਾਲੀ ਹਾਲਤ ਵਿੱਚ ਵੀ ਧਰਮ ਹੀ ਉਸ ਨੂੰ ਸਹਾਈ ਹੁੰਦਾ ਹੈ ਤੇ ਉਸ ਦਾ ਪਥ ਪ੍ਰਦਰਸ਼ਨ ਕਰਦਾ ਹੈ ਅਤੇ ਉਸ ਨੂੰ ਜ਼ਿੰਦਗੀ ਦੀ ਅਸਲੀਅਤ ਵਲ ਮੋੜਨ ਦਾ ਉਪਰਾਲਾ ਕਰਦਾ ਹੈ, ਸੱਚ ਅਚਾਰ, ਸੁੱਚੀ ਤੇ ਨੇਕ ਕਿਰਤ ਵਲ ਪ੍ਰੇਰਿਤ ਕਰਦਾ ਹੈ, ਉਸ ਅੰਦਰ ਸਦਾ ਆਨੰਦ ਦੀ ਅਵਸਥਾ ਦਾ ਸੰਚਾਰ ਕਰਨ ਲਈ ਉਸ ਨੂੰ ਤਿਆਰ ਕਰਦਾ ਹੈ, ਫਰਜ਼ ਦੀ ਪਹਿਚਾਣ ਤੇ ਉਸ ਦੀ ਅਦਾਇਗੀ ਬਾਰੇ ਦੱਸਣ ਦੇ ਨਾਲ ਨਾਲ ਉਸ ਨੂੰ ਮਹਿਸੂਸ ਕਰਾਉਂਦਾ ਹੈ ਕਿ ਐ ਇਨਸਾਨ ਗੋਬਿੰਦ ਮਿਲਣ ਦੀ ਇਹੀ ਤੇਰੀ ਵਾਰੀ ਹੈ ਅਤੇ ਹੋਰ ਕੰਮਾਂ ਵਿੱਚ ਲੋੜ ਨਾਲੋਂ ਵੱਧ ਖਚਤ ਹੋਣਾ ਤੇਰੇ ਲਈ ਹਰ ਲਿਹਾਜ਼ ਨਾਲ ਵਿਅਰਥ ਪ੍ਰਯਾਸ ਹੈ ਕਿਉਂਕਿ ਪ੍ਰਭੂ ਦੀ ਰਸਾਈ ਲਈ ਇਹ ਦੁਨਿਆਵੀ ਕੰਮ ਕਾਜ ਕਿਸੇ ਵੀ ਕੰਮ ਨਹੀਂ ਆਉਣੇ। ਇਸ ਲਈ ਐ ਮਨੁੱਖ ਇਸ ਸੰਸਾਰ ਵਿੱਚ ਬਹੁਤ ਲੰਮੇ ਪੈਰ ਨਾ ਪਸਾਰਦਾ ਹੋਇਆ ਨਾਮ ਜਪਣ ਤੇ ਵੰਡ ਛਕਣ ਨੂੰ ਆਪਣੇ ਜੀਵਨ ਦਾ ਅਧਾਰ ਬਣਾ ਕੇ ਸਾਰੀ ਮਨੁੱਖਤਾ ਨਾਲ ਪਿਆਰ ਕਰ ਕਿਉਂਕਿ ਧਰਮ ਦਾ ਮੂਲ ਹੀ ਮਾਨਵਤਾ ਲਈ ਪਿਆਰ ਤੇ ਹਮਦਰਦੀ ਦਾ ਰਾਹ ਖੋਲ੍ਹਦਾ ਹੈ। ਇਹ ਗੁਰਬਾਣੀ ਦਾ ਮਨੁੱਖ ਜਾਤੀ ਨੂੰ ਸੱਚਾ ਸੁੱਚਾ ਅਤੇ ਖਰਾ ਸੰਦੇਸ਼ ਹੈ।

**ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥**

**ਗਉੜੀ ਸੁਖਮਨੀ (ਮਃ ੫) – ਅੰਗ 266**

ਗੁਰਬਾਣੀ ਅਨੁਸਾਰ ਜਦੋਂ ਮਨੁੱਖ ਧਰਮ ਦੇ ਖੇਤਰ ਵਿੱਚ ਅੱਗੇ ਵਧਦਾ ਹੈ ਤਾਂ ਸਭ ਤੋਂ ਪਹਿਲੇ ਉਸ ਵਿਚੋਂ ਕਰਤਾ ਭਾਵ ਮਿਟਣਾ ਸ਼ੁਰੂ ਹੋ ਜਾਂਦਾ ਹੈ। ਉਹ 'ਮੈਂ ਮੇਰੀ' ਵਿਚੋਂ ਨਿਕਲ ਕੇ 'ਤੂੰ ਤੇਰੀ' ਵਿੱਚ ਵਿਚਰਨ ਲੱਗ ਜਾਂਦਾ ਹੈ। ਉਸ ਵਿੱਚ ਸੇਵਾ ਤੇ ਸਿਮਰਨ ਦੇ ਭਾਵ ਉਜਾਗਰ ਹੋਣ ਲੱਗ ਜਾਂਦੇ ਹਨ, ਫਿਰ ਕੋਈ ਵੀ ਉਸ ਨੂੰ ਬਿਗਾਨਾ ਨਹੀਂ ਦਿਸਦਾ। ਉਹ ਸਭ ਦਾ ਮੀਤ ਹੋ ਜਾਂਦਾ ਹੈ ਤੇ ਅਕਾਲਪੁਰਖ ਦਾ ਦਾਸ। ਭਗਤ ਰਵਿਦਾਸ ਜੀ ਇਸ ਅਵਸਥਾ ਦਾ ਜ਼ਿਕਰ ਇਵੇਂ ਕਰਦੇ ਹਨ:

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥
– ਸੋਰਠਿ (ਭ. ਰਵਿਦਾਸ) – ਅੰਗ ੬੫੭

ਕਬੀਰ ਸਾਹਿਬ ਤਾਂ ਇਸੇ ਵਿਸ਼ੇ ਤੇ ਆਪਣੇ ਇੱਕ ਸ਼ਬਦ ਵਿੱਚ ਮੇਰ ਤੇਰ ਦੀ ਗੱਲ ਬਿਲਕੁਲ ਮੁਕਾ ਕੇ ਫਰਮਾਉਂਦੇ ਹਨ:

ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥
ਗਉੜੀ (ਭ. ਕਬੀਰ) – ਅੰਗ ੩੩੯

ਅਜਿਹੀ ਧਾਰਮਿਕ ਉਚਤਾ ਵਾਲੀ ਅਵਸਥਾ ਮਨੁੱਖੀ ਜੀਵਨ ਵਿੱਚ ਵਿਸ਼ੇਸ਼ ਮਹੱਤਤਾ ਰੱਖਦੀ ਹੈ ਤੇ ਇਸ ਦਾ ਅਹਾਰ ਕੇਵਲ ਨਾਮ ਹੈ । ਐਸੀ ਅਵਸਥਾ ਵਿੱਚ ਪਹੁੰਚਿਆ ਮਨੁੱਖ ਆਪਣੇ ਦਿਮਾਗ਼ ਨਾਲ ਰੱਬ ਬਾਰੇ ਸੋਚਣ ਤੇ ਘੋਖਣ ਦੀ ਥਾਂ ਆਪਣੇ ਹਿਰਦੇ ਨਾਲ ਉਸ ਦੇ ਪ੍ਰੇਮ ਦਾ ਆਨੰਦ ਮਾਣਨ ਲੱਗਦਾ ਹੈ । ਉਸ ਉੱਤੇ ਇਹ ਅਸਲੀਅਤ ਖੁਲਦੀ ਹੈ ਕਿ ਆਪਣੀ ਸੋਚ ਦੇ ਅਧਾਰ ਤੇ ਕੀਤੀ ਕਾਰਵਾਈ ਕਾਰਨ ਇਨਸਾਨ ਆਮ ਕਰਕੇ ਹਨ੍ਹੇਰੇ ਵਿੱਚ ਹੀ ਭਟਕਦੇ ਰਹਿੰਦੇ ਹਨ ਪਰ ਗੁਰੂ ਦੀ ਸ਼ਰਨ ਵਿੱਚ ਆ ਕੇ ਉਹ ਵਿਸ਼ਾਲ ਤੇ ਵਿਰਾਟ ਸੱਚ ਦੇ ਅਨੁਭਵ ਦੇ ਸਨਮੁਖ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਉਨ੍ਹਾਂ ਦੀ ਸਾਰੀ ਜਲਨ ਤੇ ਅਗਨ ਖਤਮ ਹੋ ਜਾਂਦੀ ਹੈ । **'ਨਾਨਕ ਅਗਨਿ ਮਰੈ ਸਤਿਗੁਰ ਕੇ ਭਾਣੇ'** (ਅੰਕ–੯੪੩) ਗੁਰੂ ਸਾਨੂੰ ਸਹੀ ਜਗਿਆਸਾ ਅਤੇ ਪੂਰਨ ਅਸਲੀਅਤ ਨਾਲ ਜੋੜਦਾ ਹੈ ਅਤੇ ਉਹ ਪੂਰਨ ਅਸਲੀਅਤ ਹੈ ਅਕਾਲਪੁਰਖ ਵਾਹਿਗੁਰੂ ਅਤੇ ਉਸ ਦੀ ਮਖਲੂਕਾਤ ।

ਗੁਰੁ ਪਰਮੇਸਰੁ ਗੁਰੁ ਗੋਵਿੰਦੁ॥ ਗੁਰੁ ਦਾਤਾ ਦਇਆਲ ਬਖਸਿੰਦੁ ॥
ਗੁਰ ਚਰਨੀ ਜਾ ਕਾ ਮਨੁ ਲਾਗਾ॥ ਨਾਨਕ ਦਾਸ ਤਿਸੁ ਪੂਰਨ ਭਾਗਾ
॥੪॥੩੬॥੪੭॥ ਅੰਗ ੮੯੭

ਇਹ ਵੀ ਠੀਕ ਹੈ ਕਿ ਧਰਮ, ਜੀਵਨ ਜਾਚ ਸਿਖਾਉਂਦਾ ਹੈ, ਈਰਖਾ ਦੁਵੈਤ ਅਤੇ ਸੰਕੀਰਣਤਾ (ਤੰਗ ਦ੍ਰਿਸ਼ਟੀ) ਨਹੀਂ ਪ੍ਰੰਤੂ ਜੇ ਇਤਿਹਾਸ ਦੇ ਪੰਨਿਆਂ ਤੇ ਨਜ਼ਰ ਮਾਰੀਏ ਤਾਂ ਇਹ ਵੀ ਦਿਸੇਗਾ ਕਿ **ਧਰਮ ਦੀ ਆੜ ਲੈ ਕੇ ਕਈ ਵਾਰੀ ਮਨੁੱਖ ਨੇ ਮਨੁੱਖ ਨਾਲ ਦਿਆ, ਹਮਦਰਦੀ ਤੇ ਪਿਆਰ ਕਰਨ ਦੀ ਥਾਂ ਉਸ ਉੱਤੇ ਅਜਿਹੇ ਅਤਿਆਚਾਰ ਤੇ ਕੁਕਰਮ ਵੀ ਕੀਤੇ ਹਨ ਜਿਹੜੇ ਖ਼ਤਰਨਾਕ ਜਾਨਵਰਾਂ ਦੀ ਖਤਰਨਾਕੀ ਤੋਂ ਵੀ ਕਈ ਗੁਣਾਂ ਵਧੇਰੇ ਖ਼ਤਰਨਾਕ ਹਨ ਅਤੇ ਜਿਨ੍ਹਾਂ ਨੂੰ ਕੋਈ ਅਧਰਮੀ ਵੀ ਜਾਇਜ਼ ਕਹਿਣ ਤੋਂ ਸੰਕੋਚ ਕਰਦਾ ਹੈ**

**। ਧਰਮ ਕਦਾਚਿਤ ਜ਼ਖਮ ਵਧਾਉਣ ਦੀ ਕਿਰਿਆ ਨਹੀਂ ਕਰਦਾ ਸਗੋਂ ਜ਼ਖ਼ਮਾਂ ਤੇ ਫੰਬਾ ਰੱਖਣ ਦਾ ਕਾਰਜ ਕਰਦਾ ਹੈ ਅਤੇ ਦੂਜਿਆਂ ਦੇ ਦਰਦ ਵੰਡਾਉਣ ਦਾ ਵਸੀਲਾ ਬਣਦਾ ਹੈ । ਧਾਰਮਿਕ ਮਨੁੱਖ ਲਈ ਦਰਅਸਲ ਦੂਜਾ ਤਾਂ ਕੋਈ ਹੈ ਹੀ ਨਹੀਂ** । ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਜ਼ਰਾਂ ਵਿੱਚ ਤਾਂ ਸਾਰੀ ਮਨੁੱਖ ਜਾਤੀ ਇੱਕੋ ਪ੍ਰਮਾਤਮਾ ਦੀ ਹੀ ਸੰਤਾਨ ਹੈ । '**ਨਾ ਕੋ ਬੈਰੀ ਨਾਹੀ ਬਿਗਾਨਾ ਸਗਲ ਸੰਗ ਹਮ ਕੋ ਬਨ ਆਈ**' ਸਾਡੇ ਲਈ ਧਾਰਮਿਕ ਉਪਦੇਸ਼ ਹੈ । ਇਸੇ ਕਰਕੇ ਹਰ ਸਿੱਖ ਦਿਨ ਰਾਤ ਅਰਦਾਸ ਵੇਲੇ **ਸਰਬੱਤ ਦਾ ਭਲਾ ਮੰਗਦਾ ਹੈ** । ਅਜਿਹੀ ਹਾਲਤ ਵਿੱਚ ਉਸ ਦਾ ਦੁਸ਼ਮਣ ਕੌਣ ਹੋ ਸਕਦਾ ਹੈ ? ਕੋਈ ਵੀ ਨਹੀਂ । ਸਿੱਖ ਬਦ ਦਾ ਤਾਂ ਦੁਸ਼ਮਣ ਬਿਲਕੁਲ ਨਹੀਂ, ਕੌਡਾ ਰਾਕਸ਼ ਤੇ ਸਜਣ ਠੱਗ ਇਸ ਦੀ ਮਿਸਾਲ ਹਨ । ਉਹ ਤਾਂ ਕੇਲ ਬਦੀ ਦਾ ਦੁਸ਼ਮਣ ਹੈ ਜਿਹੜੀ ਸਦਾਚਾਰਕ ਤੇ ਦਿਆਪੂਰਣ ਜੀਵਨ  ਪਰਵਾਹ ਨੂੰ ਗੰਦਲਾ ਕਰਦੀ ਹੈ । ਗੁਰਬਾਣੀ ਦਾ ਧਰਮ ਬਾਰੇ ਇਹੀ ਨਜ਼ਰੀਆ ਹੈ ।

ਧਰਮੀ ਮਨੁੱਖ ਵਿੱਚ ਹੋਰ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਆਪਣੇ ਤੇ ਸੰਤੋਖ ਤੇ ਦੂਜੇ ਤੇ ਦਿਆ ਕਰਨ ਵਾਲੀ ਬਿਰਤੀ ਦਾ ਮਾਲਕ ਹੁੰਦਾ ਹੈ । ਉਹ ਅਕਾਲਪੁਰਖ ਦੇ ਅਗੰਮੀ ਸਰੋਤ ਨਾਲ ਜੁੜਿਆ ਹੋਣ ਕਾਰਨ ਸਦਾ ਆਸ਼ਾਵਾਦੀ ਰਹਿੰਦਾ ਹੈ । ਇਸ ਲਈ ਉਹ ਦੋ ਦਿਨਾਂ ਵਿੱਚ ਇੱਕ ਨਿੱਕੀ ਜਿਹੀ ਰਾਤ ਵੇਖਦਾ ਹੈ ਨਾ ਕਿ ਦੋ ਵੱਡੀਆਂ ਰਾਤਾਂ ਵਿੱਚ ਇੱਕ ਨਿੱਕਾ ਜਿਹਾ ਦਿਨ । ਉਸ ਦੀ ਇਹ ਮਨੋਬਿਰਤੀ ਮੁਸ਼ਕਿਲਾਂ ਵਿੱਚ ਵੀ ਉਸ ਨੂੰ ਆਪਣੇ ਇਸ਼ਟ ਤੋਂ  ਡੋਲਣ ਨਹੀਂ ਦਿੰਦੀ ਅਤੇ ਅਸਫਲਤਾ, ਮਾਯੂਸੀ ਤੇ ਬਿਪਤਾ ਵਿੱਚ ਵੀ ਉਹ ਚੜ੍ਹਦੀਕਲਾ ਵਿੱਚ ਰਹਿੰਦਾ ਹੋਇਆ ਉਸ ਦੀ ਰਜ਼ਾ ਨੂੰ ਪ੍ਰਵਾਨ ਕਰਦਾ ਹੈ ਅਤੇ '**ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥ ਨਾਨਕੁ ਮਾਗੈ**' ॥ ਦੇ ਉਪਦੇਸ਼ ਨੂੰ ਆਪਣਾ ਮਾਰਗ ਦਰਸ਼ਨ ਬਣਾਈ ਰੱਖਦਾ ਹੈ । ਉਹ ਕਿਸੇ ਵੀ ਹਾਲਤ ਵਿੱਚ ਵਾਹਿਗੁਰੂ ਦੇ ਪਵਿੱਤਰ ਨਾਮ ਤੇ ਕੋਈ ਆਂਚ ਨਹੀਂ ਆਉਣ ਦਿੰਦਾ ਤੇ ਲੋੜ ਪੈਣ ਤੇ ਦੋਸ਼ ਆਪਣੇ ਉੱਤੇ ਲੈ ਲੈਂਦਾ ਹੈ, ਗਿਲਾ ਸ਼ਿਕਵਾ ਇਹ ਕਹਿ ਕੇ ਆਪਣੇ ਤੇ ਕਰਦਾ ਹੈ ਕਿ ਉਹ ਹਾਲੇ ਅਕਾਲਪੁਰਖ ਦੀ ਮਿਹਰ ਦੇ ਯੋਗ ਨਹੀਂ ਹੋਇਆ । ਉਹ ਜਾਣਦਾ ਹੈ ਕਿ ਧਾਰਮਿਕ ਵਿਅਕਤੀ ਵਿੱਚ ਕਰਤਾ ਪ੍ਰਮਾਤਮਾ ਹੁੰਦਾ ਹੈ ਜਦਕਿ ਦੂਜੇ ਪਾਸੇ ਧਰਮ ਵਿੱਚ ਨਿਸ਼ਚਾ ਨਾ ਰੱਖਣ ਵਾਲੇ ਮਨੁੱਖ ਦੀ ਸੂਰਤ ਵਿੱਚ ਕਰਤਾ ਖੁਦ ਆਪ-ਹੁਦਰਾ ਮਨੁੱਖ ਆਪ ਹੀ ਬਣਿਆ ਹੋਇਆ ਹੁੰਦਾ ਹੈ ।

ਕਿਉਂਕਿ ਧਰਮ ਦਾ ਅਨੁਭਵ ਬੁੱਧੀ ਦੀ ਸੀਮਾ ਤੋਂ ਪਰੇ ਅਤੁਟ ਨਿਸ਼ਚੇ ਤੇ ਭਰਪੂਰ

ਸ਼ਰਧਾ ਦੀ ਗੱਲ ਵੀ ਹੈ ਇਸ ਲਈ ਧਰਮ ਵਿੱਚ ਨਿਸ਼ਚਾ ਰੱਖਣ ਵਾਲਾ ਮਨੁੱਖ ਇਹੀ ਕਹਿੰਦਾ ਹੈ ਕਿ ਮਨ ਦਿਆਂ ਨੇਤਰਾਂ ਨੂੰ ਰੌਸ਼ਨ ਕਰਨ ਲਈ ਅਕਾਲਪੁਰਖ ਦੇ ਦਰਬਾਰ ਦੀ ਮਿੱਟੀ ਤੋਂ ਵਧੀਆ ਸੁਰਮਾ ਹੋਰ ਕੋਈ ਨਹੀਂ । ਇਸ ਲਈ ਗੁਰਬਾਣੀ ਵਿੱਚ ਮਿਲਦੇ ਉਪਦੇਸ਼ਾਂ ਅਨੁਸਾਰ ਧਾਰਮਿਕ ਜਗਿਆਸੂ ਵਿੱਚ ਬੇਲੋੜੀ ਕਿੰਤੂ ਪ੍ਰੰਤੂ ਦੀ ਆਗਿਆ ਨਹੀਂ ਸਗੋਂ ਆਪਣੇ ਇੱਸ਼ਟ, ਆਪਣੇ ਗੁਰੂ ਅੱਗੇ ਮਨ ਵੇਚਣਾ ਪੈਂਦਾ ਹੈ, ਫਿਰ ਹੀ ਕੁਝ ਪ੍ਰਾਪਤੀ ਹੁੰਦੀ ਹੈ । ਪਰ ਬਦਕਿਸਮਤੀ ਦੀ ਗੱਲ ਹੈ ਕਿ ਮਾਇਆਵਾਦੀ ਤੇ ਵਿਗਿਆਨ ਯੁਕਤ ਸੰਸਾਰ ਵਿੱਚ ਧਰਮ ਪ੍ਰਤੀ ਅਜਿਹੀ  ਭਾਵਨਾ ਬਸ ਵਿਰਲੇ ਜੀਵਾਂ ਵਿੱਚ ਹੀ ਪਰਜਵਲਤ ਹੋਵੇਗੀ ਜਦਕਿ ਬਹੁਤਿਆਂ ਲਈ ਤਾਂ ਧਰਮ ਜ਼ਿੰਦਗੀ ਦੀਆਂ ਲੋੜਾਂ ਦੀ ਸੂਚੀ ਵਿੱਚ ਆਖਰੀ ਆਈਟਮ ਬਣ ਕੇ ਰਹਿ ਗਿਆ ਹੈ । ਅਜੋਕਾ ਮਨੁੱਖ ਮਾਇਆ ਦੀ ਦੌੜ ਵਿੱਚ ਇਤਨਾ ਖਚਤ ਹੈ ਕਿ ਧਾਰਮਿਕ ਚਜ-ਅਚਾਰ ਨੂੰ ਗ੍ਰਹਿਣ ਕਰਨ ਲਈ ਉਹ ਆਪਣੇ ਆਪ ਨੂੰ ਥਕਿਆ ਤੇ ਬੇਵਸ ਜਿਹਾ ਸਮਝਣ  ਲੱਗ ਜਾਂਦਾ ਹੈ । ਜੇ ਅੱਜ ਦਾ ਇਨਸਾਨ ਧਰਮ ਬਾਰੇ ਜਾਗਰੂਪ ਵੀ ਹੈ ਤਾਂ ਵੀ ਬਹੁਤਾ ਕਰਕੇ ਉਹ ਧਰਮ ਦੇ ਸਰੀਰ ਦੀ ਹੀ ਪੂਜਾ ਕਰ ਰਿਹਾ ਹੈ, ਇਸ ਦੀ ਆਤਮਾ ਤੱਕ ਤਾਂ ਉਸ ਦੀ ਰਸਾਈ ਹੀ ਨਹੀਂ ਹੁੰਦੀ । ਇਸੇ ਲਈ ਇਨਸਾਨੀ ਜੀਵਨ ਵਿੱਚ ਅਨੁਸ਼ਾਸਣਹੀਨਤਾ, ਭ੍ਰਿਸ਼ਟਾਚਾਰ ਤੇ ਅਰਾਜਕਤਾ ਵੱਧ ਰਹੀ ਹੈ ਤੇ ਨੈਤਿਕਤਾ ਤੇ ਹਮਲੇ ਹੋ ਰਹੇ ਹਨ । ਸਮਾਜਿਕ ਰਹੁ=-ਰੀਤੀਆਂ ਰੋਗੀ ਹੋ ਰਹੀਆਂ ਹਨ ਤੇ ਸਮੁੱਚਾ ਸੰਤੂਲਨ ਵਿਗੜ ਰਿਹਾ ਹੈ । ਅਜਿਹੀ ਅਧੋਗਤੀ ਵਾਲੀ ਸਥਿਤੀ ਤੋਂ ਉੱਚਾ ਉੱਠਣ ਲਈ ਸੱਚੀ ਭਾਵਨਾ ਨਾਲ ਧਰਮ ਵੱਲ ਪਰਤਣਾ ਜੀਵਨ ਦੀ ਅਵੱਸ਼ਕਤਾ ਹੈ ਕਿਉਂਕਿ ਧਰਮ ਹੋਰ ਅਨੇਕ ਬੇਨਜ਼ੀਰ ਮਾਨਵੀ ਗੁਣਾਂ ਨੂੰ ਸੁਦ੍ਰਿੜ੍ਹ ਕਰਵਾਉਂਦਾ ਹੋਇਆ ਮਨੁੱਖ ਨੂੰ ਸੱਚ ਦੀ ਪਹਿਚਾਣ ਵਲ ਅਗਰਸਰ ਹੋਣ ਦੀ ਜਾਚ ਦੱਸਦਾ ਹੈ ਅਤੇ ਜਿਸ ਨੇ ਸੱਚ ਨੂੰ ਪਛਾਣ ਲਿਆ ਉਸ ਦੇ ਮਨ ਮੰਦਰ ਵਿੱਚ ਸਭ ਲਈ ਪਿਆਰ, ਹਮਦਰਦੀ, ਸਦਭਾਵਨਾ ਤੇ ਸੁਹਿਰਦਤਾ ਦੇ ਝਰਨੇ ਵਹਿਣ ਲੱਗ ਜਾਣਗੇ ਜੋ ਉਸ ਦੇ ਸਰੀਰ ਨੂੰ ਪਵਿੱਤਰ ਤੇ ਆਤਮਾ ਨੂੰ ਨਿਖਾਰ ਕੇ ਉਜਵਲ ਕਰ ਦੇਣਗੇ । ਧਰਮ ਦਾ ਇਹੀ ਕਰਮ ਹੈ ।

**ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥**
**ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥ ਅੰਗ ੧੯੬**

ਧੰਨਵਾਦਿ ਸਾਹਿਤ ਵਿਚੋਂ :-
ਗੁਰਬਾਣੀ ਸੰਕਲਪ

# ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਗੁਰਮੁਖੀ ਲਿਪੀ

**ਬੀਬੀ ਹਰਸਿਮਰਨਜੀਤ ਕੌਰ**

ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਰ- ਅਧਿਕਾਰੀ ਸਨ । ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉੱਤਰ-ਅਧਿਕਾਰੀ ਬਣਨਾ ਹੀ ਸਿੱਖ ਲਹਿਰ ਲਈ ਇਤਿਹਾਸਕ ਤੌਰ ਤੇ ਬਹੁਤ ਮਹੱਤਵਪੂਰਨ ਸੀ ਕਿਉਂਕਿ ਇਸ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਰਸੇ ਨੂੰ ਸੰਭਾਲਿਆ ਵੀ ਗਿਆ ਸੀ ਅਤੇ ਅੱਗੇ ਤੋਰਿਆ ਵੀ ਗਿਆ ਸੀ । ਇਤਨੀ ਹੀ ਮਹੱਤਵਪੂਰਨ ਗੱਲ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਗੁਰਮੁਖੀ ਲਿਪੀ ਨੂੰ ਪ੍ਰਚੱਲਤ ਕਰਨਾ ਸੀ । ਸਿੱਖ ਲਹਿਰ ਦੀ ਗੁਰਿਆਈ ਸੰਭਾਲਣ ਤੋਂ ਬਾਅਦ ਉਨ੍ਹਾਂ ਦਾ ਸਭ ਤੋਂ ਪਹਿਲਾ ਕੰਮ ਪੰਜਾਬੀ ਬੋਲੀ ਵਿੱਚ ਢੱਕਵੀਂ ਲਿਪੀ ਤਿਆਰ ਕਰਨਾ ਸੀ । ਇਸ ਤੋਂ ਪਹਿਲਾਂ ਪੰਜਾਬੀ ਬੋਲੀ ਦੀ ਕੋਈ ਵੀ ਇੱਕ ਪ੍ਰਵਾਨਿਤ ਲਿਪੀ ਨਹੀਂ ਸੀ । ਮੁਸਲਮਾਨ ਇਸ ਨੂੰ ਪਰਸ਼ੀਅਨ ਲਿਪੀ ਵਿੱਚ ਲਿਖਦੇ ਸਨ ਅਤੇ ਹਿੰਦੂ ਦੇਵਨਾਗਰੀ, ਟਾਕਰੀ ਜਾਂ ਸ਼ਾਰਦਾ ਲਿਪੀਆਂ ਵਿਚ ਲਿਖਦੇ ਸਨ । ਇਹ ਲਿਪੀਆਂ ਅਸਲ ਸ਼ਬਦਾਂ ਵਿੱਚ ਪੰਜਾਬੀ ਬੋਲੀ ਦੀਆਂ ਲਿਪੀਆਂ ਨਹੀਂ ਸਨ । ਪਰਸ਼ੀਅਨ, ਅਰਬੀ ਬੋਲੀ ਦੀ ਲਿਪੀ ਸੀ ਜਿਹੜੀ ਭਾਰਤ ਵਿੱਚ ਪਹਿਲਾਂ ਸੁਲਤਾਨਾਂ ਅਤੇ ਫਿਰ ਮੁਗ਼ਲ ਬਾਦਸ਼ਾਹਾਂ ਦੇ ਨਾਲ ਆਈ ਸੀ । ਇਹੀ ਉਸ ਸਮੇਂ ਦੀ ਸਰਕਾਰੀ ਲਿਪੀ ਸੀ । ਇਸ ਕਰਕੇ ਸਰਕਾਰੀ ਦਫ਼ਤਰਾਂ ਵਿੱਚ ਅਤੇ ਆਮ ਮੁਸਲਿਮ ਵਰਗ ਵਿੱਚ ਫ਼ਾਰਸੀ (ਪਰਸ਼ੀਅਨ) ਲਿਪੀ ਹੀ ਪ੍ਰਚੱਲਤ ਸੀ । ਹਿੰਦੁਸਤਾਨ ਦੀ ਹਰ ਇੱਕ ਬੋਲੀ ਨੂੰ ਇਸੇ ਹੀ ਲਿਪੀ ਵਿੱਚ ਲਿਖਿਆ ਜਾਂਦਾ ਸੀ । ਸ਼ਾਰਦਾ ਕਸ਼ਮੀਰ ਅਤੇ ਉਸ ਦੇ ਪੰਜਾਬ ਨਾਲ ਲੱਗਦੇ ਪਹਾੜੀ ਇਲਾਕੇ ਦੀ ਲਿਪੀ ਸੀ । ਟਾਕਰੀ ਹਿਮਾਚਲ ਪ੍ਰਦੇਸ਼ ਦੇ ਕਬਾਇਲੀ ਇਲਾਕੇ ਦੀ ਅਤੇ ਪੰਜਾਬ ਨਾਲ ਲੱਗਦੇ ਨੀਮ-ਪਹਾੜੀ ਇਲਾਕੇ ਦੀ ਲਿਪੀ ਸੀ । ਪੰਜਾਬ (ਪੰਜਾਂ ਦਰਿਆਵਾਂ ਦੇ ਵਿਚਕਾਰਲਾ ਮੈਦਾਨੀ ਇਲਾਕਾ) ਦੇ ਹਿੰਦੂ ਪੰਜਾਬੀ ਬੋਲੀ ਨੂੰ ਦੇਵਨਾਗਰੀ ਅੱਖਰਾਂ ਵਿੱਚ ਲਿਖਦੇ ਸਨ । ਦੇਵਨਾਗਰੀ ਅੱਖਰ ਮੱਧ ਪ੍ਰਦੇਸ਼ ਦੇ ਉਜੈਨ ਸ਼ਹਿਰ, ਜਿਸ ਨੂੰ ਦੇਵਤਿਆਂ ਦਾ ਨਗਰ ਕਹਿਣ ਕਰਕੇ ਦੇਵ ਨਗਰ ਵੀ ਕਿਹਾ ਜਾਂਦਾ ਸੀ , ਦੇ ਬ੍ਰਾਹਮਣੀ ਵੱਲੋਂ ਤਿਆਰ ਕੀਤੇ ਗਏ ਅੱਖਰਾਂ ਕਰਕੇ ਦੇਵਨਾਗਰੀ ਅੱਖਰ ਕਿਹਾ ਜਾਂਦਾ ਸੀ । ਇਸ ਤਰ੍ਹਾਂ ਦੇਵਨਾਗਰੀ ਲਿਪੀ ਵੀ ਪੰਜਾਬ ਵਿੱਚ ਬਾਹਰੋਂ ਲਿਆਂਦੀ ਗਈ ਸੀ । ਇਸ ਤਰ੍ਹਾਂ ਪੰਜਾਬੀ ਬੋਲੀ ਭਾਵੇਂ ਹਰ ਵਰਗ ਵੱਲੋਂ ਬੋਲੀ ਜਾਂਦੀ ਸੀ ਪਰ ਇਸ ਦੀ ਕੋਈ ਇੱਕ ਪ੍ਰਵਾਨਿਤ ਲਿਪੀ ਨਹੀਂ ਸੀ ।

ਕੁਝ ਲੇਖਕ ਅਤੇ ਇਤਿਹਾਸਕਾਰ ਲੰਡੇ-ਮਹਾਜਨੀ ਅੱਖਰਾਂ ਨੂੰ ਵੀ ਪੰਜਾਬੀ

ਬੋਲੀ ਦੀ ਪਹਿਲੀ ਲਿਪੀ ਸਵੀਕਾਰ ਕਰਦੇ ਹਨ । ਪਰ ਇਹ ਮੱਤ ਗ਼ਲਤ ਹੈ ਕਿਉਂਕਿ ਲੰਡੇ-ਮਹਾਜਨੀ ਕਿਸੇ ਲਿਪੀ ਦਾ ਨਾਂ ਨਹੀਂ ਸੀ ਸਗੋਂ ਇਹ ਵੱਖ-ਵੱਖ ਲਿਪੀਆਂ ਦਾ ਵਿਗੜਿਆ ਹੋਇਆ ਰੂਪ ਸੀ । ਲੰਡੇ-ਮਹਾਜਨੀ ਅੱਖਰ ਜਾਂ ਲਿਪੀ ਨਹੀਂ ਸੀ ਸਗੋਂ ਇਹ ਇੱਕ ਤਰੀਕਾ ਸੀ ਜੋ ਹਿੰਦੂ-ਵਪਾਰੀਆਂ ਜਾਂ ਦੁਕਾਨਦਾਰਾਂ ਵਿੱਚ ਪ੍ਰਚੱਲਤ ਸੀ । ਪੰਜਾਬ ਦੇ ਬਾਣੀਏ ਇਸ ਨੂੰ ਅੱਜਕਲ੍ਹ ਵੀ ਵਰਤਦੇ ਹਨ ਭਾਵੇਂ ਕਿ ਬਾਣੀਆਂ ਦੀ ਨਵੀਂ ਨਸਲ ਆਧੁਨਿਕ ਲਿਪੀਆਂ ਦੀ ਜਾਣਕਾਰੀ ਰੱਖਣ ਕਰਕੇ ਇਸ ਢੰਗ ਨੂੰ ਨਹੀਂ ਅਪਣਾ ਰਹੀ । 'ਲੰਡੇ' ਦਾ ਮਤਲਬ ਹੈ ਕਿ ਬਿਨਾਂ ਲਗਾਂ-ਮਾਤਰਾਂ ਦੇ ਅਤੇ ਅਧੂਰੀ ਸ਼ਕਲ ਵਿੱਚ ਲਿਖੇ ਗਏ ਅੱਖਰ । ਜਿਵੇਂ ਜੇ ਕਿਸੇ ਜਾਨਵਰ ਦੀ ਪੂਛ ਨਾ ਹੋਵੇ ਜਾਂ ਕੱਟੀ ਹੋਈ ਪੂਛ ਵਾਲਾ ਜਾਨਵਰ ਹੋਵੇ ਤਾਂ ਉਸ ਨੂੰ ਲੰਡਾ ਕਹਿ ਦਿੱਤਾ ਜਾਂਦਾ ਹੈ । ਇਸੇ ਤਰ੍ਹਾਂ ਬਿਨਾਂ ਲਗਾਂ-ਮਾਤਰਾਂ ਵਾਲੇ ਅੱਖਰਾਂ ਨੂੰ ਲੰਡੇ ਅੱਖਰ ਕਹਿ ਦਿੱਤਾ ਜਾਂਦਾ ਸੀ । ਕਿਉਂਕਿ ਇਨ੍ਹਾਂ ਅੱਖਰਾਂ ਨੂੰ ਮਹਾਜਨਾਂ (ਸ਼ਾਹੂਕਾਰਾਂ ਤੇ ਵਪਾਰੀਆਂ) ਵਲੋਂ ਵਰਤਿਆ ਜਾਂਦਾ ਸੀ ਇਸ ਲਈ ਇਸ ਨੂੰ ਮਹਾਜਨੀ ਵੀ ਕਹਿ ਦਿੱਤਾ ਜਾਂਦਾ ਸੀ । ਪੰਜਾਬ ਦੇ ਵਿੱਚ ਇਸ ਦਾ ਇੱਕ ਹੋਰ ਨਾਂ 'ਕੱਚੀ' ਵੀ ਪ੍ਰਚੱਲਤ ਸੀ ਕਿਉਂਕਿ ਇਸ ਦਾ ਕੋਈ ਵੀ ਪੱਕਾ (ਨਿਸ਼ਚਿਤ) ਰੂਪ ਨਹੀਂ ਸੀ । 'ਲੰਡੇ' ਅੱਖਰ ਲਿਖਣ ਵਿੱਚ ਵਪਾਰੀਆਂ ਅਤੇ ਬਾਣੀਆਂ ਦੀ ਇੱਕ ਚਲਾਕੀ ਵੀ ਹੁੰਦੀ ਸੀ ਜਿਸ ਦਾ ਸ਼ਿਕਾਰ ਅਕਸਰ ਗਾਹਕ ਲੋਕ ਹੁੰਦੇ ਸਨ । ਕਿਉਂਕਿ ਹਰ ਅੱਖਰ ਲਗਾਂ-ਮਾਤਰਾਂ ਤੋਂ ਬਿਨਾਂ ਹੁੰਦਾ ਸੀ ਇਸ ਲਈ ਗਾਹਕ ਦਾ ਉਧਾਰ ਲਿਆ ਗਿਆ ਸੌਦਾ ਜਦੋਂ ਲਿਖਿਆ ਜਾਂਦਾ ਸੀ ਤਾਂ ਭੁਗਤਾਨ ਕਰਨ ਵੇਲੇ ਦੁਕਾਨਦਾਰ ਜਾਂ ਵਪਾਰੀ ਇਸ ਲਿਖੀ ਹੋਈ ਲਿਖਤ ਦੀ ਆਪਣੀ ਮਰਜ਼ੀ ਅਨੁਸਾਰ ਹੀ ਵਿਆਖਿਆ ਕਰਦਾ ਸੀ । ਮਿਸਾਲ ਦੇ ਤੌਰ ਤੇ ਇੱਕ ਗਾਹਕ ਨੇ ਸੱਤ ਰੁਪਏ ਦਾ ਉਧਾਰ ਦੁਕਾਨਦਾਰ ਤੋਂ ਲਿਆ ਹੈ । ਦੁਕਾਨਦਾਰ ਇਨ੍ਹਾਂ ਸੱਤ ਰੁਪਈਆਂ ਨੂੰ 'ਸਤ' ਹੀ ਲਿਖੇਗਾ । ਜੇ ਸੈਂਤੀ ਦਾ ਉਧਾਰ ਲਿਆ ਹੈ ਤਾਂ ਵੀ 'ਸਤ' ਹੀ ਲਿਖੇਗਾ । ਹੁਣ ਭਗਤਾਨ ਦੇ ਮੌਕੇ ਤੇ ਦੁਕਾਨਦਾਰ ਦੀ ਮਰਜ਼ੀ ਹੈ ਕਿ ਉਹ 'ਮਤ' ਲਿਖੇ ਹੋਏ ਸ਼ਬਦ ਨੂੰ ਸੱਤ ਰੁਪਏ ਦੱਸਦਾ ਹੈ ਜਾਂ ਸੈਂਤੀ , ਕਿਉਂਕਿ ਲਗ-ਮਾਤਰ ਕੋਈ ਲਾਈ ਨਹੀਂ ਸੀ ਜਾਂਦੀ । ਇਸੇ ਤਰ੍ਹਾਂ ਗਾਹਕ ਦਾ ਨਾਂ ਭਾਵੇਂ ਮਿਹਰ ਸਿੰਘ ਹੈ ਤੇ ਜਾਂ ਮੋਹਰ ਸਿੰਘ ਜਾਂ ਮਹੁਰਾ ਸਿੰਘ, ਵਹੀ ਵਿੱਚ ਸਿਰਫ਼ ਮਹਰ ਹੀ ਲਿਖਿਆ ਜਾਵੇਗਾ । ਇਹ ਢੰਗ ਗਾਹਕਾਂ ਦੇ ਖ਼ਿਲਾਫ਼ ਹੀ ਹੁੰਦਾ ਸੀ ਅਤੇ ਦੁਕਾਨਦਾਰਾਂ ਦੇ ਹੱਕ ਵਿੱਚ ਜਾਂਦਾ ਸੀ । ਦੂਜਾ, ਇਸ ਢੰਗ ਦਾ ਇੱਕ ਹੋਰ ਨਕਾਰਾਤਮਕ ਪੱਖ ਇਹ ਸੀ ਕਿ ਇਸ ਨੂੰ ਸਿਰਫ਼ ਉਹੀ ਵਿਅਕਤੀ ਹੀ ਪੜ੍ਹ ਸਕਦਾ ਸੀ ਜਿਹੜਾ ਇਸ ਨੂੰ ਲਿਖਦਾ ਸੀ । ਦੂਸਰਾ ਵਿਅਕਤੀ ਇਸ ਨੂੰ ਪੜ੍ਹ ਹੀ ਨਹੀਂ ਸਕਦਾ ਸੀ । ਇਸ ਕਰਕੇ ਲੰਡੇ-ਮਹਾਜਨੀ ਕੋਈ ਲੋਕ-ਲਿਪੀ ਨਹੀਂ ਸੀ ਸਗੋਂ ਇਹ ਤਾਂ

ਲੋਕਾਂ ਦੇ ਖ਼ਿਲਾਫ਼ ਵਰਤੀ ਜਾਣ ਵਾਲੀ ਲਿਪੀ ਸੀ ਜਿਸ ਨੂੰ ਬਾਣੀਏ, ਦੁਕਾਨਦਾਰ ਅਤੇ ਵਪਾਰੀ ਵਰਤਦੇ ਸਨ ਅਤੇ ਇਹ ਲੋਕ ਇਸ ਨੂੰ ਮਰਜ਼ੀ ਅਤੇ ਚਲਾਕੀ ਅਨੁਸਾਰ ਵਰਤਦੇ ਸਨ । ਹਿੰਦੂ ਵਪਾਰੀ ਦੇਵਨਾਗਰੀ ਅੱਖਰਾਂ ਨੂੰ ਲੰਡੇ ਬਣਾ ਕੇ ਲਿਖਦੇ ਸਨ ਅਤੇ ਮੁਸਲਮਾਨ ਵਪਾਰੀ ਅਰਬੀ-ਫ਼ਾਰਸੀ ਅੱਖਰਾਂ ਨੂੰ ।

ਉਪਰੋਕਤ ਗੱਲਾਂ ਦੀ ਰੌਸ਼ਨੀ ਵਿੱਚ ਇਹ ਮੱਤ ਵੀ ਆਪਣੇ ਆਪ ਖ਼ਤਮ ਹੋ ਜਾਂਦਾ ਹੈ ਜਿਸ ਰਾਹੀਂ ਇਹ ਕਿਹਾ ਜਾਂਦਾ ਸੀ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੰਡੇ-ਮਹਾਜਨੀ ਅੱਖਰਾਂ ਨੂੰ ਸੁਧਾਰ ਕੇ ਗੁਰਮੁਖੀ ਲਿਪੀ ਤਿਆਰ ਕੀਤੀ ਸੀ । ਜਿਵੇਂ ਕਿ ਉੱਪਰ ਵੀ ਲਿਖਿਆ ਜਾ ਚੁੱਕਿਆ ਹੈ ਕਿ ਲੰਡੇ-ਮਹਾਜਨੀ ਅੱਖਰ ਕੋਈ ਲਿਪੀ ਨਹੀਂ ਸੀ ਅਤੇ ਨਾ ਹੀ ਇਹ ਲੋਕ-ਹਿਤੈਸ਼ੀ ਢੰਗ ਸੀ । ਇਹ ਤਾਂ ਸਿਰਫ਼ ਬਾਣੀਆਂ ਅਤੇ ਵਪਾਰੀ ਲੋਕਾਂ ਦੀ ਗਾਹਕ-ਵਿਰੋਧੀ ਪਹੁੰਚ ਨੂੰ ਛੁਪਾਉਣ ਵਾਲਾ ਇੱਕ ਵਿਗੜਿਆ ਹੋਇਆ ਢੰਗ ਸੀ । ਇਹ ਢੰਗ ਸਿਰਫ਼ ਵਪਾਰੀ ਲੋਕਾਂ ਦੇ ਵਹੀ-ਖਾਤਿਆਂ ਵਿੱਚ ਹੀ ਸੀ । ਇਹ ਕਿਸੇ ਮਦਰੱਸੇ (ਸਕੂਲ) ਜਾਂ ਪੁਸਤਕਾਂ ਵਿੱਚ ਪੜ੍ਹਾਈ ਜਾਣ ਵਾਲੀ ਜਾਂ ਸਿਖਾਈ ਜਾਣ ਵਾਲੀ ਵਿਸ਼ਾ-ਪ੍ਰਣਾਲੀ ਨਹੀਂ ਸੀ । ਇਸ ਕਰਕੇ ਨਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਲੰਡਿਆਂ ਵਿੱਚ ਲਿਖੀ ਸੀ ਅਤੇ ਨਾ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੰਡਿਆਂ ਨੂੰ ਸੁਧਾਰਿਆ ਹੀ ਸੀ ।

ਸ੍ਰੀ ਗੁਰੂ ਨਾਨਕ ਦੇਵ ਜੀ ਪੜ੍ਹੇ-ਲਿਖੇ ਅਤੇ ਅਮੀਰ ਪਰਵਾਰ ਨਾਲ ਸੰਬੰਧਿਤ ਸਨ । ਅਜਿਹੇ ਪਰਵਾਰ ਵਿੱਚ ਸਰਕਾਰੀ ਬੋਲੀ ਤੋਂ ਜਾਣੂ ਜ਼ਰੂਰੀ ਸਮਝਿਆ ਜਾਂਦਾ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਪਟਵਾਰੀ ਸਨ । ਪਟਵਾਰੀ ਦਾ ਅਹੁਦਾ ਉਨ੍ਹਾਂ ਸਮਿਆਂ ਵਿੱਚ ਇੱਕ ਅਤਿ ਉੱਤਮ ਅਹੁਦਾ ਹੁੰਦਾ ਸੀ । ਇੱਕ ਪਟਵਾਰੀ ਦਾ ਫ਼ਾਰਸੀ ਬੋਲੀ ਅਤੇ ਲਿਪੀ ਦਾ ਅੱਛਾ ਜਾਣੂ ਹੋਣਾ ਕੁਦਰਤੀ ਗੱਲ ਸੀ ਕਿਉਂਕਿ ਮਾਲ ਵਿਭਾਗ ਦਾ ਸਾਰਾ ਕੰਮ-ਕਾਜ ਫ਼ਾਰਸੀ ਵਿੱਚ ਹੁੰਦਾ ਸੀ । ਸੁਭਾਵਕ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਾਰਸੀ ਦੇ ਨਾਲ-ਨਾਲ ਹੋਰ ਵੀ ਬੋਲੀਆਂ ਅਤੇ ਲਿਪੀਆਂ ਦੇ ਜਾਣੂ ਹੋਣਗੇ । ਉਨ੍ਹਾਂ ਦੀ ਬਾਣੀ ਇਸ ਗੱਲ ਦਾ ਸਬੂਤ ਹੈ ਅਤੇ ਉਨ੍ਹਾਂ ਦੇ ਸੰਸਾਰ-ਵਿਆਪੀ ਦੌਰੇ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ । ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਆਪਣੀ ਬਾਣੀ ਉਚਾਰੀ ਸੀ ਹੋ ਸਕਦਾ ਹੈ ਕਿ ਉਸ ਨੂੰ ਫ਼ਾਰਸੀ ਅਤੇ ਦੇਵਨਾਗਰੀ ਵਿੱਚ ਲਿਖਿਆ ਵੀ ਹੋਵੇ । ਵੈਸੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀਆਂ ਉਦਾਸੀਆਂ (ਯਾਤਰਾਵਾਂ) ਸੰਪੂਰਨ ਕਰ ਕੇ ਕਰਤਾਰਪੁਰ ਸਾਹਿਬ ਵਿਖੇ ਆਪਣਾ ਧਰਮ

ਕੇਂਦਰ ਖੋਲ੍ਹ ਕੇ ਉੱਤੇ ਹੀ ਬਾਣੀ ਉਚਾਰਨ ਦੀ ਅਤੇ ਲਿਖਣ ਦਾ ਕੰਮ ਪੂਰਾ ਕੀਤਾ ਸੀ।

**ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।**
**ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਿਆਰਾ।**
**ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।**

**(ਵਾਰ ੧ ਪਉੜੀ ੩੮)**

ਇਸ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿੱਚ ਹਾਜ਼ਰ ਹੋ ਚੁੱਕੇ ਸਨ। ਇਹ ਕੰਮ ਮੁੱਖ ਤੌਰ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੀ ਕੀਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰਾਂ ਨੂੰ ਇੱਕ ਬਾਕਾਇਦਾ ਰੂਪ ਵਿੱਚ ਪ੍ਰਚੱਲਤ ਕੀਤਾ ਸੀ।

ਇਸ ਰਵਾਇਤ ਦੀ ਲੋੜੀਂਦੀ ਮੱਦਦ ਗੁਰਮੁਖੀ ਦੀਆਂ ਉਹ ਮੁੱਢਲੀਆਂ ਲਿਖਤਾਂ ਵੀ ਕਰਦੀਆਂ ਹਨ ਜਿਹੜੀਆਂ ਸਪੱਸ਼ਟ ਸ਼ਬਦਾਂ ਵਿੱਚ ਇਸ ਗੱਲ ਦੀ ਹਾਮੀ ਭਰਦੀਆਂ ਹਨ ਕਿ ਗੁਰਮੁਖੀ ਅੱਖਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੀ ਬਣਾਏ ਸਨ। ਇਸ ਤਰ੍ਹਾਂ ਦੀ ਹਾਮੀ ਭਰਨ ਵਾਲੀ ਸਭ ਤੋਂ ਪਹਿਲੀ ਲਿਖਤ ਸ. ਕੇਸਰ ਸਿੰਘ ਛਿੱਬਰ ਦੀ ਹੈ। ਇਹ ੧੭੬੯ ਈ. ਦੀ ਲਿਖਤ ਹੈ। ਇਸ ਵਿੱਚ ਲਿਖਿਆ ਹੈ:

**ਗੁਰੂ ਅੰਗਦ ਜੀ 'ਬਾਲੇ' ਪਾਸੋਂ ਸਾਰੀ ਹਕੀਕਤ ਬਾਬੇ ਦੀ ਲਈ।**
**ਜਨਮ ਪੱਤ੍ਰੀ ਦੀ ਖੋਜਨਾ ਕਈ।...**
**ਪੱਤ੍ਰੀ ਹਥ ਨ ਲਗੀ ਬਾਲਾ ਮੁੜਿ ਆਇਆ।**
**ਇੱਕ ਟੇਵਾ ਜਿਹਾ ਉਸ ਹਥਿ ਆਇਆ।**
**ਉਸ ਉਪਰੋਂ ਸਭ ਉਤਾਰਾ ਕੀਤਾ।**
**ਜਨਮ ਸਾਖੀ ਦਾ ਪੁਸਤਕ ਬਣਾਇ ਲੀਤਾ।**

ਇਸ ਵਿਚੋਂ ਸਿਰਫ਼ ਇਹ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ-ਸਾਖੀ ਲਿਖਵਾਈ। ਇਹ ਗੱਲ ਸਿਰਫ਼ ਲਿਖਵਾਉਣ ਦੀ ਤਾਈਦ ਕਰਦੀ ਹੈ।

ਦੂਸਰੀ ਲਿਖਤ ਸ੍ਰੀ ਸਰੂਪ ਦਾਸ ਭੱਲਾ ਦੀ ਹੈ ਜੋ ੧੭੭੬ ਈ. ਦੀ ਲਿਖਤ ਹੈ। ਸ੍ਰੀ ਸਰੂਪ ਦਾਸ ਭੱਲਾ ਸ੍ਰੀ ਗੁਰੂ ਅਮਰਦਾਸ ਜੀ ਦੀ ਵੰਸ਼ ਵਿੱਚੋਂ ਸਨ। ਇਸ ਅਨੁਸਾਰ, 'ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਗੁਰਮੁਖੀ ਦੇ ਅੱਖਰ ਬਣਾਏ ਅਤੇ ਇਸ ਵਿੱਚ ਇੱਕ ਪੋਥੀ ਲਿਖੀ':

**ਸਤਿਗੁਰ ਨਾਨਕ ਜੀ ਕਹਿਓ ਸੁਨ ਸਤ ਪੁਰਖ ਮਤ-ਸਾਰ ।**
**ਗੁਰਮੁਖ ਪੰਥ ਹਰ ਕੋ ਰਚੋ ਗੁਰਮਤ ਮੰਤ੍ਰ ਉਚਾਰ ।**
**ਸਤ ਬਚਨ ਸਤਗੁਰ ਮਨ ਧਾਰ । ਤਬ ਗੁਰਮੁਖ ਅਛਰ ਲਿਖੇ ਸੁਚਾਰ ।**
**ਗੁਰਮੁਖ ਵਚਨ ਲਿਖ ਪੋਥੀ ਕਰਾ । ਜੈ ਜੈ ਗੁਰਮੁਖ ਪੰਥ ਜਗਾਧਰਾ ।**

ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ, "ਸੰ. ੧੫੯੮ ਬਿ. (੧੫੪੧ ਈ.) ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਨਵੇਂ ਰਚ ਕੇ ਬਾਬੇ ਨਾਨਕ ਦੇ ਜੀਵਨ ਚਰਿਤਰ ਭਾਈ ਬਾਲੇ ਦੀ ਜ਼ਬਾਨੀ ਸੁਣ ਕੇ ਭਾਈ ਪੇੜੇ ਮੋਖੇ ਤੋਂ ਸੰ. ੧੬੦੦ ਬਿ. ਨੂੰ ਲਿਖਵਾ ਕੇ ਬਾਬੇ ਦੀ ਜਨਮਸਾਖੀ ਨਾਮ ਰੱਖਯਾ ।" ਮੁੱਢਲਾ ਅੰਗਰੇਜ਼ ਲਿਖਾਰੀ ਮਿ. ਮੈਲਕਮ ਵੀ ਇਸ ਗੱਲ ਦੀ ਹਾਮੀ ਇਹ ਲਿਖ ਕੇ ਭਰਦਾ ਹੈ: "He taught the same doctrine as Nanak and wrote some chapters that now form part of the Granth ."

ਇਨ੍ਹਾਂ ਤੋਂ ਇਲਾਵਾ ਕਈ ਆਧੁਨਿਕ ਇਤਿਹਾਸਕਾਰ ਵੀ ਇਹ ਗੱਲ ਮੰਨਦੇ ਹਨ ਕਿ ਗੁਰਮੁਖੀ ਲਿਪੀ ਸ੍ਰੀ ਅੰਗਦ ਦੇਵ ਜੀ ਨੇ ਹੀ ਪ੍ਰਚੱਲਤ ਕੀਤੀ ਸੀ । ਪ੍ਰਿ. ਤੇਜਾ ਸਿੰਘ-ਡਾ. ਗੰਡਾ ਸਿੰਘ ਲਿਖਦੇ ਹਨ, "ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕੱਠੀ ਕਰ ਕੇ ਇੱਕ ਵਿਸ਼ੇਸ਼ ਲਿਪੀ ਗੁਰਮੁਖੀ ਵਿੱਚ ਲਿਖਵਾਈ । ਇਸ ਤਰ੍ਹਾਂ ਗ੍ਰੰਥ ਸਾਹਿਬ ਦਾ ਮੁੱਢ ਬੱਝਣਾ ਸ਼ੁਰੂ ਹੋ ਗਿਆ ।"

ਇਨ੍ਹਾਂ ਲਿਖਤਾਂ ਅਤੇ ਰਵਾਇਤਾਂ ਦੀ ਰੌਸ਼ਨੀ ਵਿੱਚ ਇਸ ਗੱਲ ਵਿੱਚ ਭੋਰਾ ਵੀ ਇਹ ਸ਼ੱਕ ਨਹੀਂ ਰਹਿ ਜਾਂਦਾ ਕਿ ਗੁਰਮੁਖੀ ਲਿਪੀ ਨੂੰ ਕੇਵਲ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੀ ਪ੍ਰਚੱਲਤ ਕੀਤਾ ਸੀ । ਇਸ ਲਿਪੀ ਦਾ ਗੁਰਮੁਖੀ ਨਾਂ ਹੀ ਆਪਣੇ ਆਪ ਵਿੱਚ ਇਸ ਗੱਲ ਦਾ ਸੂਚਕ ਹੈ ਕਿ ਇਸ ਲਿਪੀ ਨੂੰ ਸਿਰਫ਼ ਸਿੱਖ ਗੁਰੂ ਸਾਹਿਬਾਨ ਨੇ ਹੀ ਪ੍ਰਚੱਲਤ ਕੀਤਾ ਸੀ । ਸਿੱਖ ਧਰਮ ਨੇ ਜਿਸ ਆਦਰਸ਼ ਵਿਅਕਤੀ ਨੂੰ ਸਿਰਜਣ ਦਾ ਬੀੜਾ ਚੁੱਕਿਆ ਸੀ ਉਸ ਦਾ ਨਾਂ ਸਿੱਖ ਸ਼ਬਦਾਵਲੀ ਅਤੇ ਪਰਿਭਾਸ਼ਾ ਅਨੁਸਾਰ 'ਗੁਰਮੁਖ' ਸੀ । ਜਿਹੜੀ ਲਿਪੀ ਦੀ ਵਰਤੋਂ ਗੁਰਮੁਖਾਂ ਦੁਆਰਾ ਕੀਤੀ ਜਾਂਦੀ ਸੀ ਉਸ ਨੂੰ 'ਗੁਰਮੁਖੀ' ਕਿਹਾ ਜਾਂਦਾ ਸੀ । ਜੇ ਗੁਰਮੁਖੀ ਦੇ ਅੱਖਰ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਢੇਰ ਸਮਾਂ ਪਹਿਲੋਂ ਹੀ ਪ੍ਰਚੱਲਤ ਸਨ ਤਾਂ ਉਸ ਲਿਪੀ ਦਾ ਨਾਂ ਕੀ ਸੀ ਅਤੇ ਇਹ ਨਾਂ ਖ਼ਤਮ ਹੋ ਕੇ ਗੁਰਮੁਖੀ ਕਿਉਂ ਪਿਆ ? ਜੇ ਇਹ ਲਿਪੀ ਪਹਿਲੋਂ ਹੀ ਪ੍ਰਚੱਲਤ ਸੀ ਅਤੇ ਪੰਜਾਬ ਦੇ ਲੋਕਾਂ ਦੁਆਰਾ ਵਰਤੀ ਜਾਂਦੀ ਸੀ ਤੇ ਉਹ ਨਾਂ ਕਿਉਂ ਨਹੀਂ ਪ੍ਰਚੱਲਤ ਹੋਇਆ ਅਤੇ ਕਿਉਂ ਇਹ ਲਿਪੀ ਪੰਜਾਬ ਦੇ ਬਹੁ-ਗਿਣਤੀ ਲੋਕਾਂ ਵਿਚੋਂ ਨਿਕਲ ਕੇ ਸਿੱਖਾਂ ਜੈਸੀ ਘੱਟ-ਗਿਣਤੀ ਕੌਮ ਵਿੱਚ ਆ ਕੇ ਸੀਮਤ ਹੋ ਗਈ

ਸੀ?

ਅੱਜਕਲ੍ਹ ਪੰਜਾਬੀ ਦੇ ਕਈ ਆਧੁਨਿਕ ਸਾਹਿਤਕਾਰ ਇਸ ਗੱਲ ਤੋਂ ਇਨਕਾਰੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰਮੁਖੀ ਲਿਪੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਿਲਕੁਲ ਹੀ ਬਣਾਇਆ-ਸੰਵਾਰਿਆ ਨਹੀਂ ਸੀ। ਇਨ੍ਹਾਂ ਲੇਖਕਾਂ ਦਾ ਮੋਢੀ ਮਿਸਟਰ ਜੀ. ਬੀ. ਸਿੰਘ ਹੈ। ਇਨ੍ਹਾਂ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਕਿਉਂਕਿ ਹਠੂਰ (ਲੁਧਿਆਣੇ) ਤੋਂ ਇੱਕ ਪੁਰਾਤਨ ਖੂਹ ਵਿੱਚੋਂ ਮਿਲੇ ਸ਼ਿਲਾਲੇਖ ਉੱਪਰ ਗੁਰਮੁਖੀ ਦੇ ਕੁਝ ਅੱਖਰ ਮਿਲਦੇ ਹਨ। ਇਹ ਦੋਵੇਂ ਗੱਲਾਂ ਹੀ ਵਜ਼ਨ ਪੱਖੋਂ ਬਿਲਕੁਲ ਹੌਲੀਆਂ ਹਨ। ਹਠੂਰ ਦਾ ਪੁਰਾਤਨ ਖੂਹ ਚੌਦ੍ਹਵੀਂ ਸਦੀ ਦਾ ਨਹੀਂ ਹੈ। ਉਹ ੧੬੩੦ਈ. ਵਿੱਚ ਬਾਦਸ਼ਾਹ ਸ਼ਾਹਜਹਾਂ ਦੇ ਵੇਲੇ ਦਾ ਲੱਗਿਆ ਹੋਇਆ ਹੈ। ਇਹ ਕਈ ਵਾਰ ਢਹਿ ਚੁੱਕਿਆ ਹੈ। ਇਸ ਕਰਕੇ ਇਸ ਦੇ ਸ਼ਿਲਾਲੇਖ ਦੀ ਪੁਰਾਤਨਤਾ ਦਾ ਕੋਈ ਸਬੂਤ ਨਹੀਂ ਹੈ। ਇਸ ਵਿੱਚ ਇਸ ਸਮੇਂ ਕੋਈ ਸ਼ਿਲਾਲੇਖ ਨਹੀਂ ਹੈ। ਜਿਸ ਸ਼ਿਲਾਲੇਖ ਦੀ ਤਸਵੀਰ ਮਿ. ਜੀ. ਬੀ. ਸਿੰਘ ਨੇ ਦਿੱਤੀ ਹੈ ਉਹ ਉਸ ਦੇ ਆਪਣੇ ਹੱਥ ਨਾਲ ਤਿਆਰ ਕੀਤੀ ਹੋਈ ਹੈ। ਇਸ ਉੱਪਰ ਜਿਨ੍ਹਾਂ ਗੁਰਮੁਖੀ ਦੇ ਅੱਖਰਾਂ ਦੀ ਫੋਟੋ ਹੈ ਉਹ ਹੱਥ ਨਾਲ ਤਿਆਰ ਕੀਤੀ ਹੋਈ ਹੈ। ਇਸ ਉੱਪਰ ਜਿਨ੍ਹਾਂ ਗੁਰਮੁਖੀ ਦੇ ਅੱਖਰਾਂ ਦੀ ਫੋਟੋ ਹੈ ਉਹ ਹੱਥ ਨਾਲ ਬਣਾਏ ਹੋਏ ਹਨ। ਜਿਹੜੇ ਅੱਖਰ ਸ਼ਿਲਾਲੇਖ ਉੱਪਰ ਹਨ ਉਨ੍ਹਾਂ ਦਾ ਗੁਰਮੁਖੀ ਦੇ ਵਰਤਮਾਨ ਰੂਪ ਨਾਲੋਂ ਜ਼ਿਆਦਾ ਫ਼ਰਕ ਹੈ। ਇਹ ਅੱਖਰ ਕਿਸੇ ਆਧੁਨਿਕ ਸਮੇਂ ਵਿੱਚ ਲਗਾਏ ਹੋਏ ਸ਼ਿਲਾਲੇਖ ਦੇ ਹਨ। ਹੋ ਸਕਦਾ ਹੈ ਕਿ ਹਠੂਰ ਦੇ ਖੂਹ ਨੂੰ ਆਧੁਨਿਕ ਸਮੇਂ ਵਿੱਚ ਕਿਸੇ ਨੇ ਮੁਰੰਮਤ ਕਰਵਾਇਆ ਹੋਵੇ ਅਤੇ ਸ਼ਿਲਾਲੇਖ ਉੱਪਰ ਗੁਰਮੁਖੀ ਅੱਖਰਾਂ ਵਿੱਚ ਪੁਰਾਣਾ ਸੰਮਤ ਲਿਖ ਦਿੱਤਾ ਹੋਵੇ। ਦੂਜੀ ਗੱਲ ਸੁਲਤਾਨਾਂ ਸਮੇਂ ਜੇ ਕੋਈ ਮੁਸਲਮਾਨ ਹਾਕਮ ਆਪਣੇ ਵੱਲੋਂ ਬਣਵਾਏ ਗਏ ਕਿਸੇ ਖੂਹ ਵਿੱਚ ਸ਼ਿਲਾਲੇਖ ਲਿਖਵਾ ਕੇ ਲਗਵਾਏਗਾ ਤਾਂ ਉਹ ਫ਼ਾਰਸੀ ਵਿੱਚ ਲਿਖਵਾਏਗਾ। ਇਹ ਗੱਲ ਅਜੇ ਤੱਕ ਨਹੀਂ ਦੇਖੀ ਗਈ ਕਿ ਮੁਸਲਮਾਨ ਸ਼ਾਸਕ ਵੱਲੋਂ ਗੁਰਮੁਖੀ ਵਿੱਚ ਉਹ ਵੀ ਚੌਦ੍ਹਵੀਂ ਸਦੀ ਦੌਰਾਨ ਸ਼ਿਲਾਲੇਖ ਲਿਖਵਾਇਆ ਗਿਆ ਹੋਵੇ। ਤੀਜਾ, ਅਕਸਰ ਕੁਝ ਅੱਖਰ ਦੂਜੀਆਂ ਲਿਪੀਆਂ ਨਾਲ ਮਿਲ ਜਾਇਆ ਕਰਦੇ ਹਨ। 'ਟ', 'ਠ' ਹਿੰਦੀ ਵਿੱਚ ਵੀ ਇਸੇ ਤਰ੍ਹਾਂ ਹਨ। ਕੁਝ ਅੱਖਰ ਟਾਕਰੀ ਤੇ ਸ਼ਾਰਦਾ ਨਾਲ ਵੀ ਮਿਲਦੇ ਹਨ। ਇਹ ਕੁਦਰਤੀ ਗੱਲ ਹੈ। ਟਾਕਰੀ, ਸ਼ਾਰਦਾ, ਦੇਵਨਾਗਰੀ ਆਦਿ ਲਿਪੀਆਂ ਪੰਜਾਬ ਦੇ ਗੁਆਂਢੀ ਇਲਾਕਿਆਂ ਦੀਆਂ ਲਿਪੀਆਂ ਹਨ। ਇਨ੍ਹਾਂ ਨਾਲ ਗੁਰਮੁਖੀ ਦੇ ਕੁਝ ਅੱਖਰਾਂ ਦੀਆਂ ਸ਼ਕਲਾਂ ਮਿਲ ਜਾਣੀਆਂ ਸੁਭਾਵਕ ਹਨ।

ਸਭ ਤੋਂ ਜ਼ਿਆਦਾ ਹਾਸੋ-ਹੀਣੀ ਗੱਲ ਮਿ. ਜੀ. ਬੀ. ਸਿੰਘ ਨੇ ਇਹ ਲਿਖੀ ਹੈ ਕਿ ਗੁਰਮੁਖੀ ਨਾਮ ਤਾਂ ਸਿਰਫ਼ ਇੱਕ ਲੇਖਕ ਦੀ ਸਾਧਾਰਨ ਜਿਹੇ ਤੌਰ 'ਤੇ ਲਿਖੀ ਹੋਈ ਇੱਕ 'ਬਾਣੀ ਬਿਹੰਗ' ਨਾਂ ਦੀ ਲਿਖਤ ਵਿੱਚ ਲਿਖੇ ਗਏ ਗੁਰਮੁਖੀ ਸ਼ਬਦ ਤੋਂ ਪ੍ਰਚੱਲਤ ਹੋ ਗਿਆ ਹੈ। ਅਜੇ ਤੱਕ ਸਾਨੂੰ ਤਾਂ ਇਸ ਗੱਲ ਦਾ ਪਤਾ ਨਹੀਂ ਲੱਗ ਸਕਿਆ ਕਿ 'ਬਾਣੀ ਬਿਹੰਗ' ਨਾਂ ਦੀ ਕੋਈ ਲਿਖਤ ਹੈ ? ਜੇ ਹੈ ਤਾਂ ਇਸ ਦੀ ਅਹਿਮੀਅਤ ਕੀ ਹੈ ? ਸਿੱਖਾਂ ਦੀਆਂ ਮੁੱਢਲੀਆਂ ਲਿਖਤਾਂ ਵਿੱਚ ਤਾਂ ਇਸ ਦਾ ਜ਼ਿਕਰ ਕਦੇ ਸੁਣਿਆ ਨਹੀਂ ਹੈ। ਨਾ ਤਾਂ ਇਹ ਲਿਖਤ ਕਿਸੇ ਗੁਰੂ ਦੀ ਜੀਵਨੀ ਹੈ ਅਤੇ ਨਾ ਹੀ ਸਿੱਖ ਵਿਚਾਰਧਾਰਾ ਨੂੰ ਦਰਸਾਉਣ ਵਾਲੀ ਹੈ। ਇਸ ਦੇ ਲੇਖਕ ਦਾ ਨਾਂ ਵੀ ਪਤਾ ਨਹੀਂ ਹੈ ਅਤੇ ਨਾ ਹੀ ਇਸ ਦੇ ਰਚਨਾਕਾਲ ਦਾ ਪਤਾ ਹੈ। ਫਿਰ ਇਸ ਲਿਖਤ ਤੋਂ ਹੀ 'ਗੁਰਮੁਖੀ' ਸ਼ਬਦ ਕਿਵੇਂ ਪ੍ਰਚੱਲਤ ਹੋ ਗਿਆ ?

ਅਸਲ ਵਿੱਚ ੧੯੪੭ ਵਿੱਚ ਭਾਰਤ ਦੀ ਵੰਡ ਹੋਣ ਪਿੱਛੋਂ ਹੋਏ ਸੱਤਾ ਦੇ ਤਬਾਦਲੇ ਨਾਲ ਭਾਰਤ ਦੀ ਹਿੰਦੂ ਬਹੁ-ਗਿਣਤੀ ਫ਼ਿਰਦੇ ਦੀ ਸੋਚ ਵਿੱਚ ਤਬਦੀਲੀ ਆ ਜਾਣ ਕਰਕੇ ਇਥੋਂ ਦੀ ਹਕੂਮਤ ਦੀ ਵੀ ਘੱਟ-ਗਿਣਤੀਆਂ ਪ੍ਰਤੀ ਸੋਚ ਬਦਲ ਗਈ ਸੀ ਗੁਰਮੁਖੀ ਲਿਪੀ ਬਾਰੇ ਇਸ ਗੱਲ ਨੂੰ ਪ੍ਰਚੱਲਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਇਹ ਇਕੱਲੇ ਸਿੱਖਾਂ ਦੀ ਲਿਪੀ ਨਹੀਂ ਹੈ। ਪੰਜਾਬੀ ਬੋਲੀ ਦੇ ਆਧਾਰ ਤੇ ਚੱਲੇ ਪੰਜਾਬੀ ਸੂਬੇ ਦੇ ਅੰਦੋਲਨ ਕਾਰਨ ਇਹ ਬਹਿਸ ਹੋਰ ਵੀ ਜ਼ੋਰ ਫੜ ਗਈ ਸੀ। ਹਿੰਦੂ ਸੋਚ ਦੀ ਧਾਰਨਾ ਵਾਲੀਆਂ ਸੰਸਥਾਵਾਂ ਨੇ ਇਸ ਗੱਲ ਨੂੰ ਪ੍ਰਚਾਰਨ ਵਿੱਚ ਜ਼ੋਰ ਲਗਾਇਆ ਸੀ ਕਿ ਗੁਰਮੁਖੀ ਲਿਪੀ ਨੂੰ ਕਿਸੇ ਵੀ ਤਰੀਕੇ ਨਾਲ ਸਿੱਖ ਗੁਰੂ ਸਾਹਿਬਾਨ ਨਾਲੋਂ ਤੋੜ ਕੇ ਗ਼ੈਰ-ਸਿੱਖ ਨੇਤਾਵਾਂ ਦੁਆਰਾ ਪ੍ਰਚੱਲਤ ਕੀਤੀ ਲਿਪੀ ਦਰਸਾਇਆ ਜਾਵੇ। ਇਸ ਮਕਸਦ ਲਈ ਮਿ. ਜੀ. ਬੀ. ਸਿੰਘ ਨੇ "ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ" ਨਾਂ ਦੀ ਇੱਕ ਪੁਸਤਕ ਲਿਖੀ। ਇਸ ਵਿੱਚ ਮਿ. ਜੀ. ਬੀ. ਸਿੰਘ ਨੇ ਸਾਧਾਰਨ ਜਿਹੇ ਸਬੂਤਾਂ ਨੂੰ ਪੇਸ਼ ਕਰ ਕੇ ਆਪਾ-ਵਿਰੋਧੀ ਦਲੀਲਾਂ ਦੁਆਰਾ ਗੁਰਮੁਖੀ ਨੂੰ ਬ੍ਰਾਹਮਣਾਂ, ਬਾਣੀਆਂ ਅਤੇ ਵਪਾਰੀ ਲੋਕਾਂ ਦੁਆਰਾ ਪ੍ਰਚੱਲਤ ਕੀਤੀ ਗਈ ਦਰਸਾਇਆ ਹੈ। ਮਿ. ਜੀ. ਬੀ. ਸਿੰਘ ਦੀ ਲਿਖਤ ਵਿਗਿਆਨਕ ਖੋਜ ਨਹੀਂ ਹੈ ਅਤੇ ਨਾ ਹੀ ਤੱਥ-ਆਧਾਰਿਤ ਪੁਸਤਕ ਹੈ ਬਲਕਿ ਇਹ ਇੱਕ ਵਿਸ਼ੇਸ਼ ਸੋਚ ਨੂੰ ਸਾਹਮਣੇ ਰੱਖ ਕੇ ਅਤੇ ਇੱਕ ਵਿਸੇਸ਼ ਸਾਜ਼ਿਸ਼ ਰਾਹੀਂ ਲਿਖਵਾਈ ਗਈ ਸੀ।

ਅਸਲ ਵਿੱਚ ਗੁਰਮੁਖੀ ਲਿਪੀ ਪੰਜਾਬੀ ਬੋਲੀ ਦੀ ਇੱਕੋ-ਇੱਕ ਢੁਕਵੀਂ ਲਿਪੀ ਹੈ ਅਤੇ ਇਸ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਗੁਰਿਆਈ ਕਾਲ ਸਮੇਂ ਪਹਿਲਾਂ ਗੁਰਮੁਖਾਂ ਵਿੱਚ ਪ੍ਰਚੱਲਤ ਕੀਤਾ ਅਤੇ ਫਿਰ ਸਮੁੱਚੇ ਪੰਜਾਬੀਆਂ ਲਈ ਪ੍ਰਚੱਲਤ ਹੋ ਗਈ ਸੀ

। ਇਸ ਦੇ 'ਙ', 'ਵ' ਅਤੇ 'ੜ' ਅੱਖਰ ਵਿਸ਼ੇਸ਼ ਸਥਾਨ ਰੱਖਦੇ ਹਨ । ਇਹ ਅੱਖਰ ਨਾ ਤਾਂ ਹੋਰਨਾਂ ਬੋਲੀਆਂ ਵਿੱਚ ਬੋਲੇ ਜਾਂਦੇ ਹਨ ਅਤੇ ਨਾ ਹੀ ਹੋਰਨਾਂ ਲਿਪੀਆਂ ਵਿੱਚ ਲਿਖੇ ਜਾ ਸਕਦੇ ਹਨ । ਗੁਰਮੁਖੀ ਅੱਖਰ ਨਿਰਧਾਰਤਾ ਕਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦੇ ਕਾਇਦੇ ਤਿਆਰ ਕੀਤੇ ਅਤੇ ਇਨ੍ਹਾਂ ਕਾਇਦਿਆਂ ਰਾਹੀਂ ਹੀ ਪਹਿਲਾਂ ਪਹਿਲ ਗੁਰਮੁਖਾਂ ਨੂੰ ਪੜ੍ਹਾਈ ਕਰਵਾਈ ਜਾਂਦੀ ਸੀ । ਗੁਰਮੁਖਾਂ ਦੁਆਰਾ ਵਰਤੋਂ ਵਿੱਚ ਲਿਆਂਦੀ ਜਾਣ ਕਰਕੇ ਇਸ ਲਿਪੀ ਦਾ ਨਾਂ 'ਗੁਰਮੁਖੀ' ਪ੍ਰਚੱਲਤ ਹੋ ਗਿਆ ।

## ਨਾਮ ਅਤੇ ਮਨੋਕਾਮਨਾ

**ਰਘਬੀਰ ਸਿੰਘ ਬੀਰ**

ਮਨੋਕਾਮਨਾ ਤੋਂ ਮਨ ਦੀਆਂ ਖ਼ਾਹਿਸ਼ਾਂ, ਮਨ ਦੀਆਂ ਮੰਗਾਂ, ਮਨ ਦੀਆਂ ਇੱਛਿਆਵਾਂ ਮੁਰਾਦ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਬਹੁਤ ਜਗ੍ਹਾਂ ਲਿਖਿਆ ਹੈ ਕਿ ਨਾਮ ਜਪਣ ਨਾਲ, ਜਪਣ ਵਾਲੇ ਮਨ ਦੀ ਇੱਛਿਆ ਪੂਰੀ ਹੁੰਦੀ ਹੈ ।

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥**

**ਧਨਾਸਰੀ (ਮਃ ੪) – ਅੰਗ ੬੬੯**

ਇਹ ਇੱਛਾ ਦੁਨਿਆਵੀ ਅਤੇ ਸਰੀਰਕ ਸੁਖਾਂ ਸੰਬੰਧੀ ਵੀ ਹੋ ਸਕਦੀ ਹੈ, ਆਤਮਕ ਸੁਖਾਂ ਵਾਸਤੇ ਵੀ ਹੋ ਸਕਦੀ ਹੈ, ਅਤੇ ਸਰੀਰਕ ਤੇ ਆਤਮਕ ਦੋਹਾਂ ਸੁਖਾਂ ਵਾਸਤੇ ਵੀ ਹੋ ਸਕਦੀ ਹੈ । ਗੁਰਮਤਿ ਵਿੱਚ ਮਨ ਲਈ ਐਸੇ ਸੁਖਾਂ ਦੀ ਇੱਛਾ ਕਰਨੀ ਵਿਵਰਜਤ ਹੈ ਜਿਹੜੇ ਮਨ ਨੂੰ ਨੁਕਸਾਨ ਪਹੁਚਾਣ ਅਤੇ ਸੁੱਖ ਦੀ ਥਾਂ ਦੁਖਦਾਈ ਹੋਣ । ਇਸ ਸੰਬੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਸੁਨਹਿਰੀ ਅਸੂਲ ਇਸ ਪ੍ਰਕਾਰ ਹਨ–

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥**
**ਸਿਰੀਰਾਗੁ (ਮਃ ੧) – ਅੰਗ ੧੬**

**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥**
**ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥**
**ਸਿਰੀਰਾਗੁ (ਮਃ ੧) – ਅੰਗ ੧੬**

**ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥**
**ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥**
**ਸਿਰੀਰਾਗੁ (ਮਃ ੧) – ਅੰਗ ੧੬**

**ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥**
**ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ ॥੪॥੭॥**

**ਸਿਰੀਰਾਗੁ (ਮਃ ੧) - ਅੰਗ ੧੭**

ਇਸ ਅਸੂਲ ਅਨੁਸਾਰ ਐਸਾ ਖਾਣਾ, ਪੀਣਾ, ਐਸੇ ਕਪੜੇ ਪਹਿਨਣੇ, ਐਸੀ ਸੈਰ ਤੇ ਸਵਾਰੀ, ਸੌਣਾ ਜਾਂ ਐਸ਼-ਇਸ਼ਰਤ ਮਾੜੇ ਹਨ ਜੋ ਸਰੀਰ ਲਈ ਦੁਖਦਾਈ ਹੋਣ ਅਤੇ ਮਨ ਵਿੱਚ ਵਿਕਾਰ ਪੈਦਾ ਕਰਨ।

ਜਿਥੈ ਗੁਰਮਤਿ ਵਿੱਚ ਐਸਾ ਹਰ ਕੰਮ ਜੋ ਸਰੀਰ ਨੂੰ ਰੋਗੀ ਅਤੇ ਮਨ ਨੂੰ ਵਿਕਾਰੀ ਬਣਾਏ ਮਾੜਾ ਹੈ, ਅਤੇ ਗੁਰਸਿਖ ਲਈ ਮੰਗਣ ਜਾਂ ਚਾਹੁਣਯੋਗ ਨਹੀਂ, ਉਥੇ ਗੁਰਸਿੱਖ ਨੂੰ ਹੋਰ ਐਸੇ ਸਭ ਸੁੱਖ (ਸਰੀਰਕ ਅਤੇ ਆਤਮਕ) ਮੰਗਣ ਦੀ ਜਾਂ ਚਾਹੁਣ ਦੀ ਖੁਲ੍ਹ ਹੈ, ਜੋ ਉਸ ਦੇ ਜੀਵਨ ਨੂੰ ਸਫਲ ਤੇ ਸੁਹਾਵਣਾ ਬਨਾਣ ਵਿੱਚ ਸਹਾਈ ਹੋਣ। ਮਿਸਾਲ ਦੇ ਤੋਰ ਤੇ ਹਰ ਸਾਧਾਰਨ ਗੁਰਸਿੱਖ ਨੂੰ ਆਪਣੇ ਮਨ ਵਿੱਚ ਸਰੀਰ ਦੀ ਅਰੋਗਤਾ ਮਨ ਦੀ ਸ਼ਾਂਤੀ ਪਰਿਵਾਰ ਦੀ ਅਰੋਗਤਾ ਅਤੇ ਖ਼ੁਸ਼ੀ, ਇਤਨੀ ਦੋਲਤ ਜਿਸ ਨਾਲ ਜੀਵਨ ਦੀਆਂ ਜ਼ਰੂਰੀ ਲੋੜਾਂ ਬੇਫਿਕਰੀ ਨਾਲ ਪੂਰੀਆਂ ਹੋਣ, ਸੁਸਾਇਟੀ ਵਿਖੇ ਸਤਿਕਾਰ ਹੋਵੇ ਅਤੇ ਸੇਵਾ ਤੇ ਪਰਉਪਕਾਰ ਦੇ ਮੌਕੇ ਮਿਲਣ, ਗੁਰਬਾਣੀ ਦੀ ਵਿਚਾਰ ਅਤੇ ਨਾਮ ਸਿਮਰਨ ਦੀ ਖ਼ਾਇਸ਼ ਰਖਣੀ ਗੁਰਮਤਿ ਦੇ ਅਨੁਕੂਲ ਹੈ, ਵਿਰੁਧ ਨਹੀਂ।

ਚੰਗੀਆਂ ਅਤੇ ਗੁਰਮਤਿ ਦੇ ਅਨੁਕੂਲ ਖ਼ਹਿਸ਼ਾਂ ਜਾਂ ਮਨੋ-ਕਾਮਨਾਵਾਂ ਨੂੰ ਪੂਰਿਆਂ ਕਰਨ ਵਿੱਚ ਨਾਮ ਜਾਪ ਜਾਂ ਸਿਮਰਨ ਬੜੀ ਸਹਾਇਤਾ ਕਰਦਾ ਹੈ। ਗੁਰਮਤਿ ਅਨੁਸਾਰ ਸ਼ੁਭ ਤੇ ਨੇਕ ਖ਼ਾਹਿਸ਼ਾਂ ਨੂੰ ਮਨ ਵਿੱਚ ਰੱਖ ਕੇ ਸਿਮਰਨ ਕਰਨ ਨਾਲ ਉਹ ਖ਼ਾਹਿਸ਼ਾਂ ਦ੍ਰਿਸ਼ਟਮਾਨ ਜਗਤ ਵਿੱਚ ਪ੍ਰਤੱਖ ਹੋ ਕੇ ਨਜ਼ਰ ਆਵਣਗੀਆਂ।

**ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥**
**ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥**

... ... ... ...

**ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥**

ਇਸ ਵਿਚਾਰ ਅਨੁਸਾਰ, ਆਪਣੀਆਂ ਸ਼ੁਭ ਮਨੋ-ਕਾਮਨਾਵਾਂ ਪੂਰੀਆਂ ਕਰਨ ਦਾ ਸਭ ਤੋਂ ਵਧੇਰੇ ਕਾਰਗਰ ਤਰੀਕਾ, ਸ਼ੁਭ-ਭਾਵਨੀ ਨੂੰ ਜਾਂ ਸ਼ੁਭ ਇੱਛਾ ਨੂੰ ਮਨ ਵਿੱਚ ਧਾਰ ਕੇ, ਇਕਾਗਰ ਹੋ ਕੇ ਨਾਮ ਜਪਣਾ ਅਤੇ ਵਾਹਿਗੁਰੂ ਜੀ ਦੀ ਸਰਬਸ਼ਕਤੀਮਾਨਤਾ ਉੱਤੇ ਦ੍ਰਿੜ੍ਹ ਭਰੋਸਾ ਰਖਣਾ ਹੈ। ਐਸਾ ਕਰਨ ਨਾਲ ਸਿਮਰਨ ਅਭਿਆਸੀ ਦੇਖੇਗਾ ਕਿ ਉਸ ਦੇ ਮਨ ਦੀਆਂ ਸਭ ਸ਼ੁਭ ਕਾਮਨਾਵਾਂ ਆਪਣੇ ਆਪਣੇ ਸਮੇਂ ਤੇ ਆ ਕੇ ਪੂਰੀਆਂ ਹੋ ਰਹੀਆਂ ਹਨ।

ਵਿਗਿਆਨਕ ਖੋਜੀ ਦੇ ਮਨ ਵਿੱਚ ਇਥੇ ਸਵਾਲ ਪੈਦਾ ਹੋ ਸਕਦਾ ਹੈ ਕਿ ਨਾਮ ਅਤੇ ਮਨੋ-ਕਾਮਨਾਵਾਂ ਦੀ ਪੂਰਤੀ ਵਿੱਚ ਕੀ ਸੰਬੰਧ ਹੈ ? ਜਾਂ ਸਿਮਰਨ ਅਭਿਆਸੀ ਦੀਆਂ ਮਨੋ-ਕਾਮਨਾਵਾਂ ਜਾਂ ਸ਼ੁਭ ਖ਼ਾਹਿਸ਼ਾਂ ਕਿਉਂ ਨਾਮ ਜਪ ਕੇ ਪੂਰੀਆਂ ਹੁੰਦੀਆਂ ਹਨ ?

ਚਲਦਾ...

# ਗਤੀਵਿਧੀਆਂ

**ਮਹੀਨਾਵਾਰੀ ਸਮਾਗਮ:-** ਹਰ ਮਹੀਨੇ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵੱਲੋਂ ਘਰਾਂ ਵਿੱਚ ਗੁਰਮਤਿ ਸਮਾਗਮ ਸ਼ੁਰੂ ਕੀਤੇ ਗਏ ਹਨ । ਅਗਸਤ ਮਹੀਨੇ ਦਾ ਸਮਾਗਮ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਸ.ਇੰਦਰਜੀਤ ਸਿੰਘ ਜੀ ਦੇ ਗ੍ਰਹਿ #3525 ਸੈਕਟਰ 38-ਡੀ ਚੰਡੀਗੜ ਵਿਖੇ 18 ਅਗਸਤ ਨੂੰ ਹੋਇਆ । ਇਸ ਲੜੀ ਰਾਹੀਂ ਜਿਥੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਟ੍ਰੇਨਿੰਗ ਮਿਲ ਰਹੀ ਹੈ, ਉਥੇ ਹੀ ਆਮ ਸੰਗਤਾਂ ਵਿੱਚ ਗੁਰਮਤਿ ਪ੍ਰਚਾਰ ਅਤੇ ਸੰਗਤਾਂ ਦ ਸਹਿਯੋਗ ਵੀ ਪ੍ਰਾਪਤ ਹੋ ਰਿਹਾ ਹੈ ।

**ਧੰਨਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨ ਸਮਾਗਮ :-**

**ਧੰਨਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵਲੋਂ ਅਖੰਡ ਕੀਰਤਨ ਸਮਾਗਮ ਮਿਤੀ 05-08-2018 ਦਿਨ ਐਤਵਾਰ ਸ਼ਾਮ 6.30 ਵਜੇ ਤੋਂ 9.00 ਤੱਕ ਗੁਰਮਤਿ ਪ੍ਰਸਾਰ ਭਵਨ ਵਿਖੇ ਕੀਤੇ ਗਏ । ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।**

## ਸਮਾਗਮ ਤਸਵੀਰਾਂ ਦੀ ਜੁਬਾਨੀ :-





ਸਤੰਬਰ ਮਹੀਨੇ ਦੇ ਸਮਾਗਮ:-

**ਨਾਨਕਸ਼ਾਹੀ ਜੰਤਰੀ ਅਨੁਸਾਰ ਅਸੂ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ :-**

ਨਾਨਕਸ਼ਾਹੀ ਜੰਤਰੀ ਅਨੁਸਾਰ ਅੱਸੂ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 17-09-2018 ਦਿਨ ਸੋਮਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਦੇ ਵਿਸ਼ੇ'ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥' ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

**ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ**

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਗਸਤ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 96 | 163 | 259 |
| 2 | Eye | 17 | 21 | 38 |
| 3 | Cardiology | 04 | 57 | 61 |
| 4 | Dental | 13 | 24 | 37 |
| 5 | Gynaecology | 08 | 39 | 47 |
| 6 | Homoeopathy | 33 | 425 | 458 |
| | Total | 171 | 729 | 900 |

## ਧੰਨਵਾਦਿ :

## ਅਗਸਤ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. Bibi Ishminder Kaur # 3902/Sector-22D/Chd 7,000/-
2. S. Deep Singh # 2978/Phase-7/Mohali 2,000/-
3. S. Inderpal Singh #1444/Sec 34C/Chd 50,000/-
4. S. Avtar Singh Basra #144/Sector-35A/Chd 20,000/-
5. S. Ramandeep Singh Wachhair #2458/Forest Meadows/USA 34,500/-
6. Smt. Nripjit Kaur# 39 Sant Fateh Singh Nagar Dugri /Ludhiana 15,000/-
7. S. HarsimranSingh # 207/Phase-4/Mohali 2,000/-
8. Bibi Tripta Chopra #139/1/Sector-45A/ Chd 1000/-
9. S. Harjinder Singh Sachdeva #320/Sec. 46A 10,000/-
10. S. Gurjit Singh Ahluwalia # 3043/Phase-7 15,000/-
11. Col. H.S Uppal #306/Sec. 33A/Chd 84,000/-
12. S. SahibPreet Singh#21/Aman Avenue/ Opp. Gate Hakima/Asr. 10,000/-
13. Bibi Manmohan Kaur # 941/Phase-4/Mohali 30,000/-
14. Gen. Dr. Jaswant Singh Charitable Trust #1801/Sector-33D/Chd 60,000/-
15. Sh. Bedi Ji/ western Tower/Kharar 500/-
16. S.R.D./ western Tower/Kharar 500/-
17. S. Narinder Bir Singh #1444/Sec 34C/Chd 2,000/-
18. Bibi Surjit Kaur #1444/Sec 34C/Chd 2,000/-
19. Bibi Rupinder Kaur # 1037/Sector-70/Mohali 500/-
20. Bibi Raminder Kaur # 1675/Phase-5/Mohali 500/-
21. Bibi Rajleen Kaur #836/Phase II/Mohali 500/-
22. Bibi. Harleen Kaur Sarna #107G, Shivalik Vihar Naya Goan, Mohali 500/-
23. Bibi Harpreet Kaur #461/Sec 44A/Chd 1,000/-
24. S. Harsharnpal Singh Bhatia #461/Sec. 44A 1,000/-
25. Bibi Gurdeep Kaur #461/Sec. 44A/Chd 1,000/-
26. Bibi Anita Kaur #1489/1/Sec. 43B/Chd 500/-
27. S. Mohinder Singh/H.M.T. Colony/M.K. 100/-
28. S. Harjinder Singh/Mundi Kharar 100/-
29. S. Dilbagh Singh/ Satkar Properties / Mundi Kharar 500/-
30. S. Inderjit Singh #3525/Sector-38D/Chd 7,600/-
31. S. Faujinder Singh # 166/Phase-4/Mohali 15,000/-
32. S. Dhanwant Singh #447/Phase-IV/Mohali 1,000/-
33. S. D.P Singh #393/Phase- 9/Mohali 3,600/-
34. S. Harjinder Singh/Sunny Enclave/M.K 1,000/-
35. Dr. Saranjit Singh # 2817/Phase-7/Mohali 4,000/-
36. S. Sarbjeet Singh #49A/Comfort Homes/Kharar 3,000/-
37. S. Prem Singh Premi #74/Phase-3BI/Mohali 2,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।